Guru-Given-Bliss Series—Metrical Exposition

THE

ALPHABET-ALMIGHTY

OR

GURU-GIVEN-GURMUKHI.

ਪਰਮ-ਅਖਰੀ ਕਿ ਪੈਂਤੀ ਅਖਰੀ !

A Peep into Spjritual Depths.

of

each letter of the Gurmukhi Alphabet

By

Sher Singh M. Sc.


KASHMIR.

1 July 1942.

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ੴ ਸਤਿ ਗੁਰ ਪ੍ਰਸਾਦਿ



ਪੈਂਤੀ-ਅੱਖਰੀ ਪਰਮ-ਅੱਖਰੀ!
ਅੱਖਰਾਂ ਦਾ ਭਾਖਿਓ-ਖੱਖਾ'ਨਾਮ'!!
ਵਾਹ ਵਾਹ ਗੁਰਮੁਖਾਂ ਦੀ-ਗੁਰਮੁਖੀ!!!

THE ALPHABET-DIVINE
GURMUKHI

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਕ–
ਸ: ਸ਼ੇਰ ਸਿੰਘ ਜੀ ਐਮ. ਐਸ ਸੀ.,
ਮੀਰਪੁਰ (ਕਸ਼ਮੀਰ)

ਪ੍ਰਿੰਟਰ
ਸ: ਸੰਤੋਖ ਸਿੰਘ
''ਰਜਾਨੀ ਪ੍ਰੈਸ'' ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਤਕਰਾ

ਮੰਗਲਾਚਾਰ ਗੁਰਦੇਵ ਜੀਉ (Hail ! My Master !) ੩੦
ੳ–ਓਅੰਕਾਰ (The Spriit Fount) ੩੨
ਅ–ਆਤਮਰਾਮ (The Immanent One) ੩੪
ੲ–ਈਸ਼ਰ (The Supreme Person) ੩੬
ਸ–ਸ਼ਾਂਵਲ ਸੁੰਦਰ (Beauty-Personified) ੩੯
ਹ–ਹਰੀ ਰੂਪ (The Great Cleaner) ੪੧
ਕ–ਕਰਤਾ ਪੁਰਖ (The Creator) ੪੩
ਖ–ਖਰਾ ਖਰਾ (The Holy of Holies) ੪੬
ਗ–ਗੁਰਦੇਵ (The Great Master) ੪੮
ਘ–ਘਟਾਂ ਕਾ ਮਾਲਕ (The Master Within) ੫੦
ਙ–ਙਿਆਨਈਸ਼ਰ (Gnosis-Personified) ੫੩
ਚ–ਚਿਤ ਚੋਰ (The Heart Weaner) ੫੫
ਛ–ਛੈਲ ਛਬੀਲਾ (Beauty Refulgent) ੫੭
ਜ–ਜਗਜੀਵਨ (The Life of Life) ੫੯
ਝ–ਝੁਨਤਕਾਰ (The Primal Vibration) ੬੨
ਞ–ਞਾਣੀ ਞਾਣ (The All-Knower) ੬੪
ਟ–ਟੂਟੀ ਗਾਂਢਨਹਾਰ (The All Healer) ੬੭
ਠ–ਠਾਕਰ (The Over Lord) ੬੯
ਡ–ਡਰ ਰਹਿਤ (The Fearless One) ੭੧
ਢ–ਢੋਲਨ (The All Beloved) ੭੪
ਣ–ਣਾਣਾ-ਰਾਣਾ (The Evil Vanquisher) ੭੬
ਤ–ਤਰਨ ਤਾਰਨ (The Raft of Salvation) ੭੮
ਥ–ਥਿਰ ਸਥਿਰ (The Pole-Star) ੮੧

Sri Satguru Jagjit Singh Ji eLibrary NamdhariElibrary@gmail.com

ਦ–ਦੁਖ ਭੰਜਨ (The Bliss Restorer) ੮੩
ਧ–ਧਰਨੀਧਰ (The Magnet Supreme) ੮੫
ਨ–ਨਿਰੰਕਾਰ (The Formless One) ੮੭
ਪ–ਪਤਿਤ ਪਾਵਨ (The All-Purifier) ੯੦
ਫ–ਫਲਦਾਤਾ (The Karma Cycle) ੯੨
ਬ–ਬੀਨ ਬਿਜਉਆ (The Logos Musician) ੯੪
ਭ–ਭਗਤ ਵਛਲ (The Devotee's Beloved) ੯੭
ਮ–ਮੁਕਤਿ ਪ੍ਰਦਾਤਾ (The Great Saviour) ੯੯
ਯ–ਯਾਰ ਮੀਤ (The All-Friend) ੧੦੧
ਰ–ਰਾਮ ਰਮਈਆ (The All-Pervader) ੧੦੪
ਲ–ਲਾਲਨ (My Beloved!) ੧੦੬
ਵ–ਵਾਹ ਵਾਹ ਵਿਸਮਾਦੀਆ (The Miraculous One) ੧੦੯
ਝ–ਝਾੜੂ–(The Death Personified) ੧੧੧
1. ਏਕੰਕਾਰ (All-in-One) ੧੧੪
2. ਏਕੰਕਾਰ ਜੀ ਕੇ ਸਰਬਨਾਮ (His Infinite Names) ੧੧੫
3. ਏਕੰਕਾਰ ਜੀ ਦਾ ਵਡ-ਨਾਮ (The NAME!) ੧੧੭
4. ਵਾਹ ਵਾਹ ਏਕੰਕਾਰ ਜੀ ਘਰ ਆਏ ! (Thou Art Come ! O Dear !) ੧੧੯

Sri Satguru Jagjit Singh Ji eLibrary NamdhariElibrary@gmail.com

www.archive.org/details/namdhari

PROLOGUE

THE ALPHABET ALMIGHTY! GURMUKHI !.
ALL IN A NUT SHELL !! ਗੁਰਮੁਖੀ !!!
Alphabets as Rafts-golden to Infinity !

O Alphabet-almighty, the mightiest Word of God,
Like the Manna thou dost come to souls parched!

A lilt, a rhythum, an urge that is divine,
Pervades thy each letter, their every golden line !

O Gurmukhi, thou art sweetest abstracr of sounds all
That roar and pour out the ambrosial Water, fall !

O sacred-Script, O God orienred GURMUKHI,
Through Thee, we see the Hidden Holy-Deity !

Each letter of thine is a golden Vision, a Peep,
Piercing the forms, taking us into the Infinite Deep !

This is the test, yea acid test, sure and sublime:-
"Does this or that script pierce Veil of Time ?"

Each letter, each word, is an hieroglyph of old,
Hiding Reality, which it must also unfold !

The thinner this veil, the higher ihe glow,
Which irradiates light from the depths below-

The darker the veil, the further is the word,
From the Primeval LOGOS or Symphony-unheard !

Sri Satguru Jagjit Singh Ji eLibrary NamdhariElibrary@gmail.com

O Radiant ONKAR ੴ with thy ever-open golden Lid,
Thou dost indicate Life-Eternal, that is over so hid !

From Thee, flow the graded sounds: five and thirty
Which descend in Sound-Terraces, & tones so plenty !

Simplest, sweetest' subtlest of all alphabets Thou,
With measured cups, thou dost feed us O Heavenly Cow!

As we descend from A to Z, from top to bottom,
We feel as if we glide into hell and are in a chasm !

Thus overwhelmed, we return to thee' O ONKAR,
The Creator of sounds, and of all worlds, near and far.

We come back to heights, with liquid vowel sounds,
There to rest and to enjoy Eternal Merry-go-rounds !

Thus step by step, do we rise to thee, in joy,
Until one fine day we do transcend Time's Toy !

Then, all is well, when we see the AKAL face to face !
O Heavenly Gurmukhi thou dost win in this Race !

Thy thirty five letters, dipped in Molten Gold,
Come Minerva-like, from blessed Nanak of old !

Like a clusters of fire flies; the Pleiades of Heaven,
They come to us as Golden Baskets, in number Seven

O Alphabet-almighty, thou art veriiy the Master-key,
Unlocking unto us SACHKHAND and Eternal Glee-

All hail, all hail unto Thee, to Heavenly Gurmukhi!
The holiest, highest' sweetest Script of Infinity !!

Sri Satguru Jagjit Singh Ji eLibrary NamdhariElibrary@gmail.com

www.archive.org/details/namdhari

੧ ੴ ਸਤਿਗੁਰ ਪ੍ਰਸਾਦਿ ॥

ਸਰਬ ਪੈਂਤੀਆਂ ਦਾ ਸਾਂਝਾ ਮੁੰਢ:—'ਨਾਮ' !!

ੴ ਵਾਕ, ੴ ਪਰਮ-ਵਾਕ, ੴ ਸ਼ਬਦ-ਬ੍ਰਹਮ ! ਤੇਰਾ ਕੀ ਰੂਪ ਏ, ਤੇਰਾ ਕੀ ਵੇਸ ਯਾ ਭੇਸ ਏ ? ਤੂੰ ਅਖਰਾਂ ਦੀ ਪਕੜ-ਧਕੜ ਤੋਂ ਬਾਹਿਰ, ਤੂੰ ਅਗਾਮ ਤੂੰ ਅਗੋਚਰ, ਤੂੰ ਪਰੇ, ਤੂੰ ਪਰੇਭਾ, ਤੂੰ ਨਿਰਮਲ-ਝੁਨਕਾਰ (Primal Vibration) ਏਂ ! ਤੇਰੀ ਨਿਸ਼ਾਨੀ ਏਹ ਤੇਰੀ ਅਣਕਟੀ ਤੇ ਅਣਵੰਡੀ 'ਬਾਣੀ' ਏ ਓਹ ਬਾਣੀ ਜੋ ਇਹਨਾਂ ਅਖਰਾਂ ਦੀ ਵੰਡੀ ਵਿਚ ਨਹੀਂ ਆਈ। ਜਦ ਇਹ ਬਾਣੀ ਕਟੀ ਵਢੀ ਜਾਂਦੀ ਹੈ ਤਾਂ 'ਪੈਂਤੀ ਅੱਖਰ' ਬਣ ਜਾਂਦੇ ਹਨ ਜੀਕਰ ਲਠੇ ਦੇ ਥਾਨ ਨੂੰ ਕਟਿਆਂ ਕਈ ਕਪੜੇ ਦੇ ਟੋਟੇ ਬਣ ਜਾਂਦੇ ਹਨ । ਸੋਨੇ ਦੇ ਭੂਸ਼ਨ ਬੇਅੰਤ ਹਨ ਪਰ ਜਦ ਗਾਲ ਕੇ ਸੋਨਾ ਬਣ ਜਾਂਦੇ ਹਨ ਤਾਂ ਸਭ ਸੋਨਾ ਹੋ ਜਾਂਦੇ ਹਨ— ਤੀਕਣ ਹੀ ਹਰ ਇਕ ਅਖਰ ਵਾਸਤਵ ਵਿਚ ਵਾਹਿਗੁਰੂ ਦੀ ਆਪਣੀ ਭਲੀ ਯਾਂ ਕਟੀ ਕਲੀ ਹੈ, ਤੇ ਹਰ ਇਕ ਵਿਚੋਂ ਵਾਹਿਗੁਰੂ ਦਾ ਸੁਨੈਹਰੀ 'ਸੋਦਰ' (Window Divine) ਦਿਸਦਾ ਹੈਪਰ ਜਦ ਅਸੀਂ ਇਨ੍ਹਾਂ ਸਭ ਅੱਖਰਾਂ ਦੇ'ਨਿਜ-ਘਰ'ਤੇ ਅਪੜਦੇ ਹਾਂ, ਤਦ 'ਬ੍ਰਹਮ' ਦੇ ਸਾਂਗੋ-ਪਾਂਗ ਦਰਸ਼ਨ ਕਰਦੇ ਹਾਂ। ਇਸ ਕਰਕੇ 'ਨਾਮ' ਨੂੰ 'ਬਾਣੀ-ਬ੍ਰਹਮ' ਭੀ ਆਖਦੇ ਹਨ। ਕਿਉਂਕਿ ਇਸ ਅਣਗਾਈ ਅਨਵਜਾਈ ਪਰ ਆਪਵਜੀ 'ਧੁਨਿ' ਨੂੰ ਹੀ ਬ੍ਰਹਮ ਦੀ ਕੁੰਜੀ ਆਂਹਦੇ ਹਨ। ਇਹ ਸਾਡਾ ਹਥ ਫੜਕੇ ਸਾਨੂੰ ਸਚ-ਖਡ ਵਿਚ ਲੈ ਜਾਂਦੀ ਹੈ, ਤੇ ਓਥੇ ਅਕਾਲ ਪੁਰਖ, ਵਡ-

Sri Satguru Jagjit Singh Ji eLibrary NamdhariElibrary@gmail.com

ਬਾਪੂ ਦੇ ਪਰਮ ਦਰਸ਼ਨ ਹੁੰਦੇ ਹਨ।

ਹੋਰ ਅਖਰ ਜਿਥੇ ਸ੍ਰੀ ਵਾਹਿਗੁਰੂ ਜੀ ਦੇ ਅਧ ਸਾਫ ਸ਼ੀਸ਼ੇ ਹਨ—ਅਧਾ ਛਪਾਂਦੇ ਤੇ ਅਧਾ ਵਿਖਾਂਦੇ ਹਨ (Half-Concel and half-roveal) ਓਥੇ ਓਸ ਦੇ ਮੁਕਾਬਲੇ ਵਿਚ ਇਹ 'ਪਰਮ-ਅੱਖਰ' ਸਾਨੂੰ ਵਾਹਿਗੁਰੂ ਦੇ ਐਨ ਸਾਹਮਣੇ ਲੈ ਜਾਂਦਾ ਹੈ ਤੇ ਜੀਕਣ ਕਹਾਣੀਆਂ ਦੇ ਮਨੋ-ਕਲਪਤ ਬੂਹੇ 'ਸਿਮ ਸਿਮ' ਆਖਣ ਨਾਲ ਖੁਲ੍ਹ ਜਾਂਦੇ ਹਨ—ਤੀਕਣ ਹੀ ਇਸ 'ਬਾਣੀ-ਬ੍ਰਹਮ' ਦੁਆਰਾ ਸ੍ਰੀ ਵਾਹਿਗੁਰੂ ਜੀ ਦੇ 'ਸੋਦਰ' ਤੋਂ ਆਖਣੇ ਆਪ ਪੜ੍ਹਦਾ ਉਠ ਜਾਂਦਾ ਹੈ। ਤੀਕਣ ਹੀ ਬ੍ਰਹਮ ਦਾ ਅਦਭੁਤ-ਬੂਹਾ 'ਸਬਦ ਬ੍ਰਹਮ' ਹੈ! ਇਸ 'ਸਬਦ ਬ੍ਰਹਮ' ਦਾ ਬੂਹਾ 'ਸਿਮਰਨ' ਹੈ। ਸਿਮਰਣ ਸਾਡੀ ਖਿੰਡੀ-ਫੁੰਡੀ ਸ਼ਕਤੀ ਨੂੰ ਇਕਾਗਰ ਕਰਕੇ ਸਾਡੇ ਨਿਜ-ਨੇਤ੍ਰਾਂ ਨੂੰ ਚਾ ਖੋਲ੍ਹਦਾ ਹੈ ਤੇ ਅੰਦਰ 'ਨਾਮ' ਹੈ!

ਹੋਰ ਇਕ ਅੱਖਰ ਸਾਨੂੰ ਵਾਹਿਗੁਰੂ ਜੀ ਦਾ ਕੋਈ ਗੁਝੜਾ ਸੁਨੇਹਾ ਦੇਂਦਾ ਹੈ, ਜੋ ਉਸ ਦਾ ਆਪਣਾ ਹੀ ਹਿਸਾ ਹੈ ਤੇ ਸਾਰੇ ਪੈਂਤੀ ਅੱਖਰ ਰਲ ਮਿਲ ਕੇ ਸਾਨੂੰ ਗੁਝੇ 'ਲਾਲਨ' ਦੀ ਪੂਰਨ ਆਰਸੀ ਦਸਦੇ ਹਨ। ਇਸ ਤਰ੍ਹਾਂ ਅਸੀਂ ਸੰਸਾਰ ਦੀ ਬੋਲੀਆਂ ਦੀ ਵੰਡ ਤਰਤੀਬਵਾਰ ਕਰ ਸਕਦੇ ਹਾਂ, ਜੋ ਲਿਪੀਆਂ ਸਾਨੂੰ ਵਾਹਿਗੁਰੂ ਜੀ ਦਾ ਪੂਰਣ ਸ਼ੀਸ਼ਾ ਵਖਾਂਦੀਆਂ ਹਨ, ਉਹ ਪਰਮ ਪਵਿੱਤਰ ਹਨ; ਜੋ ਉਸ ਗੁਝੜੇ ਲਾਲਨ ਬਾਬਤ ਸਾਨੂੰ ਕੁਝ ਨਹੀਂ ਦਸਦੀਆਂ, ਜਾ ਘਟ ਦਸਦੀਆਂ ਹਨ, ਉਹ ਪਰੇਡੇ ਹਨ। ਇਕ ਲਿਪੀ ਦਾ ਦੂਸਰੀ ਲਿਪੀ ਨਾਲ

Sri Satguru Jagjit Singh Ji eLibrary NamdhariElibrary@gmail.com

ਵੀ ਕੋਈ ਤਅੱਲਕ ਹੁੰਦਾ ਹੈ, ਕਿਉਂਕਿ ਸਭ ਲਿਪੀਆਂ ਇਕੋ ਬਾਣੀ ਬ੍ਰਹਮ ਰੂਪੀ ਬ੍ਰਿਖ ਡਾਲੀਂ ਦੇ ਭਿੰਨ ਭਿੰਨ ਪੱਤਰ ਹਨ,੧ ਹੇਠੋਂ ਸਭ ਇਕੋ ਹੀ ਬ੍ਰਹਮ ਬੂਟੇ ਦੇ ਪੱਤੇ ਹਨ੨।


'ਨਾਮ' ਯਾ 'ਬਾਣੀ-ਬ੍ਰਹਮ' ਇਸ ਉਪੋਕਤ ਬ੍ਰਹਮ-ਬੂਟੇ ਦੀ ਜੜ੍ਹ ਹੈ, ਤੇ ਭਿੰਨ ਭਿੰਨ ਬੋਲੀਆਂ ਤੇ ਲਿਪੀਆਂ ਇਸ ਦੇ ਭਿੰਨ ਭਿੰਨ ਫਲ ਫੁਲ ਹਨ। ਜੋ ਵੀ ਬਚਨ ਸਾਨੂੰ ਹੇਠਲੀ ਆਦ ਜੜ੍ਹ ਦਾ ਕੋਈ ਝਲਕਾ ਦਿਖਾਂਦਾ ਹੈ, ਉਸ ਨੂੰ ਅਸੀਂ 'ਵੇਦ-ਵਾਕ' 'ਬ੍ਰਹਮ-ਵਾਕ' ਯਾ 'ਸਤਿਗੁਰ-ਵਾਕ' ਆਂਹਦੇ ਹਾਂ। ਇਸ ਬਾਣੀ ਦਾ ਸੰਗ੍ਰਹਿ 'ਸ੍ਰੀ-ਗੁਰੂ-ਗ੍ਰੰਥ' ਜੀ ਹੈਨ, ਜੋ ਨਿਰੋਲ ਅੰਮ੍ਰਿਉ ਸਾਗਰ ਹੈਨ; ਉਸ ਸਾਗਰ ਰਤਨਾਗਰ ਦਾ ਤੱਤ 'ਪੈਂਤੀ-ਅੱਖਰੀ' ਹੈ ਜੋ 'ਉ' (ਊੜਾ) ਤੋਂ ਸ਼ੁਰੂ ਹੋ ਕੇ (ੜਾੜੇ) 'ੜ' ਤੇ ਖਤਮ ਹੁੰਦੀ ਹੈ। ਪੈਂਤੀ ਅੱਖਰੀ ਦਾ ਤੱਤ ਫਿਰ ਬਾਣੀ

1-Cf, Prof. Gilbert Murray. Five stages of Greek Religion page 166. Thinker's Library No. 52.

2-If all human language is, as most of these Thinkers believed, a divine institution, a cup filled to the brim with divine meaning, so that by reflecting deeply upon a word a pious philosopher can reach the secret it holds, then the Gods who made all these languages equally could use them all, and wind them intricately in and out, for the building up of their divine regime is one. A bye product of the same activity is the mystic treatment of languages.

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਜਾ 'ਨਾਮ' ਸਤਿ-ਨਾਮ ਹੈ, ਜੋ ਬੈਖਰੀ ਬਾਣੀ ਨਹੀਂ, ਅਣ-ਅਖਰੀ-ਬਾਣੀ ਹੈ, ਜਿਹਾ ਕਿ ਹੇਠਾਂ ਦਸਿਆ ਹੈ:-



ਅਖੰਡ 'ਧੁਨੀ' ਜਾ 'ਬਾਲੀ ਬ੍ਰਹਮ'="ਨਾਮ"ਬਾਣੀਰੂਪ

NAM OR THE DIVINE WORD (DHUNI)

Sri Satguru Jagjit Singh Ji eLibrary NamdhariElibrary@gmail.com

ਪੁਰਾਤਨ ਤਰੀਕੇ ਅਨੁਸਾਰ 'ਬਾਣੀ' ਦੀ ਵੰਡ ਕੁਝ ਇਉਂ ਹੈ:–

(੧) ਪਰਾ–ਉਹ ਬਾਣੀ ਜੋ ਨਾਭੀ ਦੇ ਹੇਠੋਂ ਉਠੇ,

(੨) ਪਸੰਤੀ–ਜੋ ਨਾਭੀ ਤੋਂ ਉਠੇ,

(੩) ਮਧਮਾ–ਜੋ ਹਿਰਦੇ ਤੋਂ ਉਠੇ,

(੪) ਬੈਖਰੀ–ਮੂੰਹ ਤੋਂ ਜੋ ਉਠੇ,

ਇਸ ਵੰਡ ਅਨੁਸਾਰ 'ਪਰਾ' ਉਹ ਅਗੋਚਰ ਬਾਣੀ ਹੈ, ਜਿਸ ਦਾ ਵਰਨਣ ਅਸੀਂ ਉਪਰ 'ਬਾਣੀ ਬ੍ਰਹਮ' 'ਸ਼ਬਦ ਬ੍ਰਹਮ' ਯਾ 'ਮਹਾਂ ਵਾਕ' ਦੁਆਰਾ ਕਰਦੇ ਹਾਂ। ਇਸ ਬਾਣੀ ਦਾ ਅਸਥਾਨ ਇਸ ਵੰਡ ਦੁਆਰਾ ਹੇਠਾਂ ਕਿਧਰੇ ਸਾਡੇ ਪੈਰਾਂ ਵਲ ਹੈ ਤੇ ਮੂੰਹ ਬੋਲੀ ਯਾ 'ਬੈਖਰੀ ਬਾਣੀ' ਦਾ ਨਿਕਾਸ ਉਪਰ ਸਿਰ ਵਲ ਹੈ। ਪਰ ਇਹ ਭੁਲ ਜਾਪਦੀ ਹੈ: ਕਿਉਂ ? 'ਪਰਾ ਬਾਣੀ' ਅਤੀ ਨਿਰਮਲ ਤੇ ਅਤੀ ਸੂਖਮ ਝੀਨੀ ਬਾਣੀ (Subtlest Sound) ਹੈ, ਫਿਰ ਇਸ ਦਾ ਮੁਢ ਸਾਡੇ ਨਿਰਮਲ ਤੇ ਨਿਰਮਲ਼ ਸਰੀਰ ਅਸਥਾਨਂ ਸਿਰ ਵਲ ਹੋ ਸਕਦਾ ਹੈ, ਨਾ ਕਿ ਹੇਠਾਂ ਪੈਰਾਂ ਵਲ। ਸਾਡੇ ਖਿਆਲ ਵੀ ਉਪਰੋਂ ਦਿਮਾਗ ਕੋਲੋਂ ਹੇਠਾਂ ਵਲ ਉਤਰਦੇ ਹਨ, ਨਾ ਕਿ ਹੇਠੋਂ ਢਿਡ ਵਲੋਂ ਉਪਰ ਵਲ ਜਾਂਦੇ ਹਨ।

ਪੈਂਤੀ ਅੱਖਰਾਂ ਦੀ ਵੀ ਵੰਡ ਜੇ ਅਸੀਂ ਵੇਖੀਏ ਤਾਂ ਉਨ੍ਹਾਂ ਵਿਚੋਂ ਸੂਰ (ਉ ਅ ੲ) ਸੁੱਮਣੀ ਅੱਖਰ ਹਨ ਤੇ (ਕ ਖ ਗ ਘ ਙ) ਵਾਲੇ ਕਵਰਗ ਦੀ ਆਵਾਜ਼ ਕਿਧਰੇ ਕੰਠ ਵਲ ਹੈ, ਚਵਰਗ ਦੀ ਆਵਾਜ਼ ਇਨ੍ਹਾਂ ਦੇ ਅਗੇ ਆਂਵਦੀ ਹੈ, ਚਵਰਗ ਦੀ ਆਵਾਜ਼ ਤਾਲੂ ਤੋਂ ਉਠਦੀ ਹੈ। ਇਸ ਤੋਂ ਨਜ਼ਰ ਆਂਵਦਾ ਹੈ ਜੋ ਪੁਰਾਤਨ ਵਾਕ ਵੰਡ ਨਕਲੀ ਹੈ। ਬੈਖਰੀ ਬਾਣੀ

Sri Satguru Jagjit Singh Ji eLibrary NamdhariElibrary@gmail.com

ਚੂੰਕਿ ਸੰਘ ਤੋਂ ਨਿਕਲ ਕੇ ਹੇਠ ਵਲ ਆਂਵਦੀ ਹੈ ਨਕਲੀ ਹੈ, ਇਸ ਕਰਕੇ 'ਪਰਾ' ਬਾਣੀ ਦਾ ਟਿਕਾਣਾ ਹੋਰ ਅੰਦਰ ਸਮਝਿਆ ਗਿਆ ਹੈ, ਪਰ ਇਹ ਭੁਲ ਹੈ, ਕਿਉਂਕਿ ਵਰਤਮਾਨ ਮਨੋ-ਗਿਆਨ (Current Psychology) ਤੋਂ ਸਪਸ਼ਟ ਹੈ ਕਿ ਕੰਮ ਕਰਨ ਤੇ ਬੋਲਨ ਦਾ ਹੁਕਮ ਦਿਮਾਗ ਤੋਂ ਹੇਠਾਂ ਵਲ ਆਂਵਦਾ ਹੈ, ਨਾ ਕਿ ਹੇਠੋਂ ਉਪਰ ਵਲ । ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਣ ਅਪਾਨ ਵੀ ਆਵਾਜ਼ ਵਿਚ ਮਦਦ ਦਿੰਦੇ ਹਨ, ਪਰ ਪਵਣ ਤਾਂ ਸਿਰਫ ਪ੍ਰਵਾਹ ਹੈ ਤੇ ਮਸੇ ਮੂੰਹ ਵਿਚ ਦਿਮਾਗ ਦੇ ਹੁਕਮ ਅਨੁਸਾਰ ਕੰਮ ਕਰਦੇ ਹਨ ਤੇ ਉਨ੍ਹਾਂ (Muscles) ਮਸਿਆਂ ਦੀ ਖਿੱਚ ਤਾਣ ਨਾਲ ਸੰਘ ਵਿਚ ਹਵਾ ਦੀ ਮੋਰੀ (Larynx) ਵਧਦੀ ਘਟਦੀ ਹੈ । ਤਾਂਤੇ ਭਿੰਨ ਭਿੰਨ ਅਵਾਜਾਂ ਦਾ ਕਾਰਨ ਸਾਡੀ ਪ੍ਰਾਨ ਵਾਯੂ ਨਹੀਂ ਜਿੰਨਾਂ ਕਿ ਅਵਾਜ ਮੋਰੀ ਦੀ ਵਿਥ ਹੈ। ਭਾਵ ਇਹ ਹੈ ਕਿ ਸੂਖਮ ਬਾਣੀ ਦਾ ਦੇਸ ਸਾਡਾ ਮੂਲਾਧਾਰ ਯਾ ਨਾਭੀ ਵਾਲਾ ਚਕਰ ਨਹੀਂ, ਨਾ ਹੀ ਗੁਦਾ, ਨਾ ਹੀ ਧੁੰਨੀ ਹੈ, ਸਗੋਂ 'ਦਸਮ-ਦੁਆਰ' ਹੈ, ਜਿਥੋਂ ਸਭ ਹੁਕਮ ਯਾ ਫੁਰਨਾ ਫੁਰਦਾ ਹੈ; ਉਹ ਪੁਰਾਣਾ ਜ਼ਮਾਨਾ ਗਿਆ ਜਦੋਂ ਲੋਗ ਮਨ ਦਾ ਵੀ ਕੇਂਦਰ ਧੜਕਦਾ ਦਿਲ (Heart) ਸਮਝਦੇ ਸਨ, ਇਹ ਵੀ ਇਕ ਭੁਲ ਸੀ, ਸਾਡੇ ਮਨ ਦਾ ਵੀ ਕੇਂਦਰ ਸਾਡਾ ਦਿਮਾਗ (Brain) ਹੈ ਜੋ ਉਪਰ ਕਿਧਰੇ ਸਾਡੇ ਜੂੜੇ ਹੇਠ ਹੈ । ਇਸ ਤੋਂ ਸਪਸ਼ਟ ਹੈ, ਕਿ ਪ੍ਰਾਣੀ ਵਾਕ ਵੰਡ ਜਿਸ ਵਿਚ 'ਪਰਾ ਬਾਣੀ' ਹੇਠੋਂ ਉਠਦੀ ਦੱਸੀ ਗਈ ਹੈ, ਇਕ ਅਜਿਹੀ ਪੁਠੀ ਫ਼ਿਲਾਸਫੀ ਹੈ, ਜਿਹਾ ਕਿ ਆਖਣਾ, ਕਿ ਸੂਰਜ ਪ੍ਰਿਥਵੀ ਦੇ ਇਰਦ ਗਿਰਦ ਚਕਰ ਲਗਾਂ-

Sri Satguru Jagjit Singh Ji eLibrary NamdhariElibrary@gmail.com

ਵਦਾ ਹੈ ਨਾ ਕਿ ਪ੍ਰਿਥਵੀ ਸੂਰਜ ਦੇ ਇਰਦ ਗਿਰਦ ! ਇਹ ਇਕ ਮੁਢਲਾ ਮਤਿ ਭੇਦ ਹੈ, ਜਿਸ ਕਰਕੇ ਸੰਪਰਦਾ ਵਾਲ਼ੇ, ਬਜਾਏ ਉਪਰ ਦੇ ਹੇਠਾਂ ਵਲ 'ਪਰਾ ਬਾਣੀ' 'ਨਾਮ' ਨੂੰ ਨਾਭੀ ਵੱਲ ਲਭਦੇ ਹਨ ਜੋ ਮੂਲੋਂ ਭੁਲ ਹੈ। ਪਰਾ ਬਾਣੀ ਦਾ ਨਿਜ ਥਾਂ 'ਦਸਮ ਦੁਆਰ' ਸਾਡਾ ਸਿਰ ਹੈ । ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਨਾਮ' ਦਾ ਅਸਥਾਨ ਕਿਧਰੇ ਭੀ ਨਾਭੀ ਚਕਰ ਯਾ ਕੋਈ ਹੇਠਲਾ ਅਸਥਾਨ ਨਹੀਂ ਦਰਸਾਇਆ ਗਿਆ ਹੈ,ਇਸਦੇ ਉਲਟ ਦਸਮ ਦੁਆਰ ਦਾ ਵਰਨਣ ਜ਼ਰੂਰ ਹੈ। ਯਥਾ

"ਦਸਵੇਂ ਦੁਆਰਿ ਪ੍ਰਗਟੁ ਹੋਇ ਆਇਆ।
ਤਹ ਅਨਹਦ ਸਬਦ ਵਜਹਿ ਧੁਨ ਬਾਣੀ
ਸਹਜੇ ਸਹਿਜ ਸਮਾਈ ਹੇ"

ਇਸ ਕਰ ਕੇ ਨਾਭੀ-ਅਸਥਾਨ, ਯਾ ਗੁਦਾ-ਚਕਰ ਵਲ ਧਿਆਨ ਲਾਵਣਾ ਮੂਲੋਂ ਹੀ ਭੁਲ ਹੈ; ਇਹ ਸੂਰਜ ਦੇ ਚੜ੍ਹਨੇ ਨੂੰ ਪੂਰਬ ਦੀ ਥਾਂ ਪਛਮ ਨੂੰ ਲਭਣਾ ਹੈ ! ਇਹ ਪੁਰਾਣੀ ਫਲਾਸਫੀ ਹੈ ਤੇ ਗੁਰਮਤਿ ਇਸ ਦੇ ਬਰਖਿਲਾਫ ਹੈ । ਜਿਥੇ 'ਹਿਰਦਾ' ਯਾ 'ਘਟ' 'ਨਾਮ' ਨਿਵਾਸ ਆਇਆ ਹੈ ਉਥੇ ਭੀ ਇਨ੍ਹਾਂ ਦਾ ਭਾਵ 'ਦਸਮ ਦੁਆਰਿ' ਹੈ, ਨਾਂ ਕਿ ਦਿਲ, ਯਾ ਛਾਤੀ। ਦਸਮ ਦੁਆਰਿ ਕਿਥੇ ਹੈ ? ਇਹ ਭੀ ਕੋਈ ਖਾਸ ਜਗਾ ਦਾ ਨਾਂ ਨਹੀਂ ਇਸ ਦਾ ਅਸਥਾਨ ਸਿਰ ਵਲ ਹੈ, ਹੋਰ ਨੌਂ ਗੋਲਕਾਂ ਅੱਖ, ਕੱਨ, ਨਕ ਆਦਿ ਹੇਠਾਂ ਹਨ, ਤੇ ਦਸਮ ਦੁਆਰਿ ਉਪਰਲੀ ਸਿਖਰ (Pole) ਦਾ ਨਾਂ ਹੈ, ਇਹ ਥਾਂ ਨਹੀਂ, ਇਹ ਆਤਮਕ ਤੇਜ ਦਾ ਧੁਰਾ ਦਿਮਾਗ ਵਲ ਕਿਧਰੇ ਹੈ। Spirit is above towords head !

Sri Satguru Jagjit Singh Ji eLibrary NamdhariElibrary@gmail.com

ਓ ਸਰਬ-ਨਾਮ !,ਓ ਵਡ-ਨਾਮ !! ਓ ਨਾਮ-ਅਨਾਮ ! ਤੈਂ ਬਿਨਾਂ ਕਿਨ ਪਾਇਆ ਮੇਰਾ ਵਾਹਿਗੁਰੂ ? ਜਦ ਤੂੰ ਆਂਵਦਾ ਹੈਂ ਤਾਂ ਜਲਾਂ ਵਿਚ ਥਲ, ਤੇ ਥਲਾਂ ਵਿਚ ਹਰਿਆਵਲ ਹੋ ਆਂਵਦੀ ਹੈ ! ਤਦ ਰਲ੍ਹਾ-ਛਲ੍ਹਾਂ ਤੇ ਅਨੰਦ ਦੀਆਂ ਨਹਿਰਾਂ ਵਗਦੀਆਂ ਨੇ, ਤਦ ਹਰਨ ਭਰਨ ਦੇ ਕਟਾਖ ਹੀਏ ਨੂੰ ਹੁਲਸਾਂਦੇ ਤੇ ਵਿਗਸਾਂਦੇ ਨੇ ! ਵਾਹਵਾ ਗਲੀ ਗਲੀ, ਚਪੇ ਚਪੇ, ਅਣੂ ਅਣੂ ਵਿਚ ਤੇਰੀ ਨਾਚ ਨਿਰਤ, ਤੇ ਅਣੋਖੀ ਅਣੋਖੀ ਵਿਰਤ ਏ !

ਓ ਨਾਮ ਰੰਗੀ ਕੁਦਰਤ ਸੁਬ੍ਹਾਨ ਤੇਰੀ ਕੁਦਰਤ ! ਓ ਬਨ ਖੰਡ ਤੂੰ ਤਾਂ ਸਚਖੰਡ ! ਓ ਲਾਲਨ ਤੂੰ ਨਿਤ ਨਿਹਾਲਨ ! ਓ ਰੰਗੀ ਤੂੰ ਮੇਰੋ ਅੰਗ-ਸੰਗੀ ! ਓ ਓਅੰਕਾਰ, ਧੰਨ ਧੰਨ ਤੂੰ ਨਿਰੰਕਾਰ ! ਓ ਕਰਤਾ, ਓ ਭਰਤਾ, ਓ ਧਰਤਾ ! ਓ ਚਿਤ ਚੋਰ, ਮੇਰੇ ਮਨ ਦਾ ਮੋਰ ! ਓ ਜਗਜੀਵਨ, ਤੂੰ ਥਿਰਥੀਵਨ ! ਓ ਛੈਲ ਛਬੀਲੇ, ਤੇਰੇ ਨੈਣ ਰੰਗੀਲੇ ! ਓ ਟੂਟੀ-ਗਾਂਢਨਹਾਰ, ਤੂੰ ਸਰਬ ਘਟਾਂ ਪ੍ਰਤਿਪਾਲ ! ਓ ਖਰੇ ਖਰੇ, ਤੂੰ ਕੀਤੇ ਕਈ ਹਰੇ-ਭਰੇ ! ਓ ਆਤਮ-ਰਾਮ,ਓ ਘਨੀ-ਸ਼ਿਆਮ ! ਓ ਸਾਂਵਲ ਸੁੰਦਰ ਤੂੰ ਮੇਰੇ ਮਨ ਦਾ ਮੰਦਰ! ਓ ਝੁਨਤਕਾਰ,ਤੇਰੀ ਇਸਰੁਣਝੁਣ ਤੋਂ ਸਦਬਲਿਹਾਰ !

ਓ ਜਾਣੀ ਜਾਣਿ, ਦਿਲਾਂ ਦੇ ਮਹਿਰਮ ! ਓ ਗਹਿਰ ਗੰਭੀਰ, ਵਡ ਭਾਗ ਮਥੇਰਮ ! ਓ ਠਾਕੁਰ, ਤੇਰੋ ਮੈਂ ਨਿਤ ਚਾਕਰ ! ਇਹ ਤੈਂਡੀ ਪੈਂਤੀ ਅਖਰੀ ਤੇਰੀ ਕੀਰਤ-ਅਖਰੀ, ਤੇਰੇ ਇਕ ਇਕ ਅਖਰ ਵਿਚ ਤੂੰ ਆਪ ਲੁਕਿਆ ਤੇ ਝੁਕਿਆ ! ਓ ਅਖਰਾਂ ਅਖਰਾਂ ਵਿਚ ਵੜ ਲੁਕ ਕੇ 'ਝਾਤ' ਆਖਣ ਵਾਲਿਆ ਲਾਲਨਾ, ਮੈਂ ਤੈਂ ਤੋਂ ਚੌਖੱਨੀਏਂ, ਮੈਂ ਖੰਨ ਖੰਨੀਏਂ !!

ਸ਼ੇਰ ਸਿੰਘ ਕਸ਼ਮੀਰ

Sri Satguru Jagjit Singh Ji eLibrary NamdhariElibrary@gmail.com

ਗੁਰਮੁਖੀ ਕਿ ਗੁਰ-ਮੁਖੀ ?

ਪੈਂਤੀ (Alphabet) ਪੈਂਤੀ ਵਿਚ ਵੀ ਫ਼ਰਕ ਏ। ਉਹ ਪੈਂਤੀ ਵਾਸਤਵ ਵਿਚ ਵਾਹਿਗੁਰੂ—ਅੱਖਰੀ ਏ ਜਿਸ ਵਿਚ ਅੱਖਰ ਅੱਖਰ ਵਿਚ ਸ੍ਰੀ ਵਾਹਿਗੁਰੂ ਜੀ ਆਖਣ 'ਝਾਤ'! 'ਪ੍ਰਭਾਤ' !! 'ਨਿਤ-ਬਿਸਮਾਤ' !!!

ਇਹ ਪੈਂਤੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਰਚੀ, ਤੇ ਆਪ ਸਾਜੀ* ਤਾਹੀਂ ਤਾਂ ਇਸ ਵਿਚ ਹਰ ਇਕ ਅੱਖਰ ਅਮਿਉ—ਗੁਧਾ ਤੇ ਰਹਸ-ਭੁਬਾ ਹੈ। ਏਹ 'ਗੁਰਮੁਖੀ' ਕਿਉਂ "ਗੁਰਮੁਖਾਂ" ਦੀ ਗੁੜ੍ਹਤੀ ਹੈ ?

ਇਸ ਕਰਕੇ ਜੋ ਇਸ ਦਾ ਹਰ ਇਕ ਅੱਖਰ ਵਾਹਿਗੁਰੂ ਜੀ ਵਲ੍ਹ ਸਿਧਾ ਵੇਖਦਾ (God-Oriented) ਹੈ। ਤਾਹੀਂ ਤੇ ਏਹ (ਗੁਰ+ਮੁਖੀ) ਨੇ ਏਹ "ਪੂਰਨ-ਪੁਰਖ" ਦੀ ਸਚੀ ਆਪ ਲਿਖੀ ਤੇ ਆਪ-ਝਖੀ (ਪੱਟੀ) ਹੈ। ਇਸ ਅਗਲੇ ਚਿਤਰ ਵਿਚ ਤੇ ਭੂਮਕਾ ਵਿਚ ਇਸ ਗੁਝੜੇ ਰਹਸ ਨੂੰ ਖੋਲਨ ਦਾ ਇਕ ਨਿਮ੍ਹਾ ਜਤਨ ਹੈ।

ਪੂਰਨ ਪੁਰਖ ਕੌਣ ਹੈ ? ਵਾਹਿਗੁਰੂ ਹੈ ! ਅਸੀਂ ਉਸ ਦੀ ਸਚੀ ਫੋਟੋ ਹਾਂ, ਤਾਂਤੇ ਵਾਹਿਗੁਰੂ ਜੀ ਦਾ ਅਨੂਪਮ ਰੂਪ ਕੁਝ ਸਾਡੇ ਵਾਂਙ ਹੀ ਹੈ। ਉਸ ਵਾਹਿਗੁਰੂ ਦੇ ਹਡ ਹਥ ਪੈਰ ਨਹੀਂ, ਪਰ ਫੇਰ ਵੀ ਉਨ੍ਹਾਂ ਦਾ ਰੂਪ ਸਾਡੇ ਜਿਹਾ ਹੈ। ਇਜੇਹਾ ਕੀਕਣ ਇਸ ਰਾਜ਼ ਇਸ ਭੇਦ ਨੂੰ ਖੋਲਣ ਵਾਲੀ ਇਹ ਅਗੇ

---

*ਦੇਖੋ ਇਸ ਉਪਰ ਮੇਰਾ ਲੇਖ 'ਅੰਮ੍ਰਿਤ' ਵਿਚ ਤੇ ਦੇਖੋ ਮਹਲੇ ਪਾਂਹਲੇ ਦੀ 'ਪਟੀ' ਗੁਰੂ ਗਰੰਥ ਜੀ ਵਿਚ।

Sri Satguru Jagjit Singh Ji eLibrary NamdhariElibrary@gmail.com


ਆਈ ਵਡ ਪੁਰਖ ਕਹਾਨੀ ਹੈ। ਅਸਾਂ ਅੱਖਰਾਂ ਵਿਚੋਂ ਨੀਝ ਲਾਕੇ ਤਕਣਾ ਹੈ। ਤਾਂ ਇਸ ਤਸਵੀਰ ਦੇ ਪਿਛੇ ਵਡ-ਪੁਰਖ ਆਪ ਖੜੋਤਾ ਹੋਇਆ ਭਾਸੇਗਾ। ਅੱਖਰ ਅੱਖਰ ਵਿਚ ਕੋਈ ਬੂਹਾ ਏ ਤੇ ਬਾਰੀ ਏ ਤੇ ਬਾਰੀ ਦੇ ਪਾਰ ਖੜੋਤਾ ਹੋਇਆ ਮੇਰਾ ਬਨਵਾਰੀ ਏ। ਓ ਲਾਲਨਾ, ਓ ਢੋਲਣਾ, ਓ ਮਹਨਾ! ਤੂੰਏਂ ਮੇਰੋ "੧ ਓ ਸਤਿਨਾਮੁ ਸ੍ਰੀ ਵਾਹਿਗੁਰੂ", ਤੇਰੀ ਫੋਟੋ ਵੇ ਇਹ–

ਇਸ ਤਸਵੀਰ ਵਿਚ ਪੂਰਨ-ਪੁਰਖ ਦੀ ਪੈਂਤੀ ਅਖਰੀ ਦਿਖਲਾਣ ਦਾ ਯਤਨ ਕੀਤਾ ਗਿਆ ਹੈ, ਭਾਵ ਇਹ ਹੈ ਕਿ ਜੀਕਣ ਸਰੀਰ ਦੇ ਟੋਟੇ ਹਨ, ਤੀਕਣ ਹੀ ਪੈਂਤੀ ਅੱਖਰੀ ਦੇ ਸਤ ਵਡ ਟੋਟੇ ਹਨ। ਮੁਖ ਤੋਂ ਸਿਖਰ ਤਕ (ੳ ਅ ੲ ਸ ਹ) ਦਾ ਵਾਸ ਹੈ। ਕੰਠ ਵਿਚ ਗਰਦਨ ਸਾਰੀ ਵਿਚ (ਕ ਖ ਗ ਘ ਙ) ਦਾ ਨਿਵਾਸ ਹੈ। ਛਾਤੀ ਵਾਲੇ ਹਿੱਸੇ ਵਿਚ (ਚ ਛ ਜ ਝ ਞ) ਦਾ ਨਿਵਾਸ ਹੈ। ਢਕ ਤੇ ਅੰਕ ੪ (ਟ ਠ ਡ ਢ ਣ) ਦਾ ਠਿਕਾਣਾ ਹੈ। ਧੁੱਨੀ ਯਾ ਨਾਭੀ ਵਿਚ ਅੰਕ ੫ (ਤ ਥ ਦ ਧ ਨ) ਦਾ ਨਾਭ-ਕਮਲੀ ਡੇਰਾ ਹੈ। ਪੱਟ ਤੇ ਉਪਰਲੇ ਹਿਸੇ ਟੰਗ ਵਿਚ (ਪ ਫ ਬ ਭ ਮ) ਅੰਕ ੬ ਦਾ ਡੇਰਾ ਹੈ। ਅਖੀਰਲੇ ਹਿਸੇ ਹੇਠਲੇ ਟੋਟੇ ਜੰਘ ਵਿਚ ਏੜ੍ਹੀ ਤਕ (ਯ ਰ ਲ ਵ ੜ) ਦਾ ਅਖੀਰਲਾ ਅੰਕ ਹੈ।

ਇਸ ਵੇਰਵੇ ਦਾ ਇਹ ਭਾਵ ਨਹੀਂ ਜੋ ਇਹ ਅੱਖਰ ਉਥੇ ਕੋਈ ਉਕਰੇ ਹੋਏ ਹਨ, ਯਾਂ ਇਸ ਨਾਂ ਦੇ ਕਮਲ ਉਥੇ ਹਨ, ਨਹੀਂ ਭਾਵ ਇਹ ਹੈ, ਜੋ ਬੈਖਰੀ ਬਾਣੀ ਉਪਰ ਅਤੀ **ਸੂਖਮ ਤੇ ਨਿਰਮਲ ਹੈ,** ਤੇ ਜਿਉਂ ੨ ਹੇਠ ਆਂਵਦੀ ਹੈ,

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਿਉਂ ੨ ਸਥੂਲ ਤੇ ਮੰਘਣੀਂ ਹੋ ਗਈ ਹੈ। ਜੀਕਣ ਸਾਡਾ ਸ਼ਰੀਰ ਉਪਰ ਅਤੀ ਨਾਜ਼ਕ ਤੇ ਹੇਠਾਂ ਅਤੀ ਸਿਥਲ ਜਿਹਾ ਹੈ । ਜੀਕਣ ਸਾਡੀ ਸਾਰੀ ਦੇਹੀ ਵਾਸਤਵ ਵਿਚ ਇਕ ਹੈ, ਤੀਕਣ ਹੀ ਪਰਮਪੁਰਖ "ਏਕੰਕਾਰ" ਵੀ ਇਕ ਹੈ—ਉਸਦੇ ਭਿੰਨ ੨ **ਅੰਕਾਂ** ਦੇ ਅਗੋਂ ਭਿੰਨ ੨ ਨਾਮ ਹਨ । ਇਸ ਵਿਚ ਹੈਰਾਨਗੀ ਵਾਲੀ ਗਲ ਇਹ ਹੈ, ਜੋ ਕਈ ਇਕ ਸਾਡੇ ਪ੍ਰਚਲਤ ਅਖਰ ਵੀ ਵਾਕ-ਵੰਡ ਨਾਲ ਮਿਲਦੇ ਹਨ, ਯਥਾ **ਓ** = ਊੜਾ, ਜੂੜੇ ਦੀ ਥਾਂ, ਸਰਬ-ਉਤਮ ਅਖਰ ਹੈ। ਇਹ **'ਨਾਮ'** = ਨਿਰਮਲ ਨਿਰੰਕਾਰ ਦਾ ਪੈਹਲਾ ਓਅੰਕਾਰ ਸਰੂਪ ਹੈ । ਇਸਦੀ ਥਾਂ ਸਾਡਾ ਦਸਵਾਂ ਦੁਆਰ ਯਾਂ ਜੂੜੇ ਦਾ **ਦਾਮਨਿ-ਸੰਜੂੜਿ** (Electric Power House) ਬਿਜਲੀ ਘਰ ਹੈ । ਇਸ 'ਨਾਦ' ਤੋਂ ਮਾਨੋਂ ਸੰਸਾਰ ਰਚਨਾ ਉਤਪਨ ਹੋਈ ਹੈ । ਇਸ ਨੂੰ ਖੁਲ੍ਹਾ ਰਖਣ ਦਾ ਭਾਵ-ਇਹ ਹੈ, ਜੋ ਰਚਨਾ ਨਿਤ ਹੋ ਰਹੀ ਹੈ, ਜੀਕਣ ਸਾਡੇ ਕੇਸਾਂ ਦੀ ਕੇਸਰ ਕਿਆਰੀ ਨਿਤ ਵਧ ਰਹੀ ਹੈ । ਇਸ ਥਾਨ ਤੇ ਨਾਮ-ਨਿਧਾਨ ਦਾ ਪਰਮ ਖਜ਼ਾਨਾਂ ਹੈ ਇਹ ਸਿਖਰ ਹੈ—ਹੋਰ ਥਾਂ ਵੀ ਬ੍ਰਹਮ ਪਰੀ ਪੂਰਨ ਹੈ, ਪਰ ਜੀਕਣ ਸਿਰ ਦਾ ਹਿਸਾ ਸਾਡੇ ਸਰੀਰ ਵਿਚ ਮੁਕਟ ਤੇ ਸੋਮਣੀ ਹੈ, ਤੀਕਣ ਹੀ ਇਹ ਜੂੜੇ ਵਾਲੀ ਚੋਟੀ ਮਾਨੋ ਸੁਮੇਰ ਪ੍ਰਬਤ ਦੀ ਚੋਟੀ ਹੈ; ਅੰਮ੍ਰਿਤ ਰੂਪੀ 'ਹੇਮ ਕੁੰਟ' ਦਾ ਨਿਜ ਨਿਵਾਸ ਭੀ ਇਹੋ ਆਖਿਆ ਜਾ ਸਕਦਾ ਹੈ । ਸਭ ਰਿਸ਼ੀ ਮੁਨੀ ਇਸ ਕੇਸ਼ ਸਥਾਨ ਨੂੰ ਪ੍ਰਿਤਰ ਕੇਸਾਂ ਨਾਲ, ਇਸ ਵਾਸਤੇ ਢਕ ਰਖਦੇ ਹਨ, ਜੀਕਣ

Sri Satguru Jagjit Singh Ji eLibrary NamdhariElibrary@gmail.com

ਅਸੀਂ ਆਪਣੇ ਦਿਆਰ ਪ੍ਰਬਤਾਂ ਨੂੰ ਸੰਘਣੇ ਜੰਗਲ ਨਾਲ ਢਕ ਰਖਦੇ ਹਾਂ-ਨਹੀਂ ਤੇ ਪ੍ਰਬਤਾਂ ਵਿਚ ਖੱਪੇ ਤੇ ਖਾਈਆਂ ਪੈਣ ਦਾ ਡਰ ਹੈ-ਭਾਵ ਢਲਦੀਆਂ ਕਲਾਂ ਦਾ **ਵਿਕਾਸ** ਹੋ ਜਾਂਦਾ ਹੈ। ਇਸ ਦੇ ਉਲਟ ਕੇਸ ਸ੍ਰੀ ਕੇਸਵ ਜੀ ਦੀ ਬਖਸ਼ੀ ਹੋਈ ਚੜ੍ਹਦੀ ਕਲਾ ਦੇ ਚਿਨ੍ਹ ਹਨ।

ਓਅੰਕਾਰ ਦਾ ਵਰਣਨ ਇਸ ਕਰਕੇ ਸਭ ਤੋਂ ਪੈਹਲਾ ਹੈ, ਓਅੰਕਾਰ ਸਰਬ-ਨਾਮ ਦੀ ਖਾਣ ਹੈ (Logos Font)।

ਅ = ਅੱਖਾਂ ਦਾ ਅਸਥਾਨ ਇਸ ਵਾਸਤੇ ਹੈ, ਕਿਉਂਕਿ ਜੀਕਣ ਸਾਡੀਆਂ ਅੱਖਾਂ ਬਾਹਰਲੇ ਜਗਤ ਨੂੰ ਵੇਖਦੀਆਂ ਹਨ, ਤੀਕਣ 'ਆਤਮ ਰਾਮ' ਨੂੰ ਦੇਖਕੇ ਏਕੰਕਾਰ ਦੇ ਦਰਸ਼ਨ ਪੈਹਲੋਂ ਪਹਿਲ ਹੋਂਦੇ ਹਨ। ਇਸ ਕਰਕੇ ਇਹ . ਆਤਮ-ਰਾਮ, ਓਅੰਕਾਰ ਦੀ ਅੱਖ ਹੈ, ਤੇ ਓਅੰਕਾਰ ਦਾ ਦੂਜਾ ਪਰਮ-ਧਾਮ ਹੈ। ਜੀਕੁਣ ਅਖਾਂ ਇਕ ਨਹੀਂ ਦੋ ਹਨ, ਪਰ ਵੇਖਦੀਆਂ ਇਕ-ਤਾਰ ਹਨ, ਤੀਕੁਣ ਹੀ 'ਆਤਮਾ' ਤੇ 'ਰਾਮ' ਭਾਵੇਂ ਦੋ ਅੱਡ ੨ ਜਾਪਦੇ ਹਨ—ਇਕ ਅੰਦ੍ਰਲਾ ਆਪਾ (Self) ਤੇ ਦੂਜਾ 'ਰਾਮਈਆ—ਰਾਮ' (Self), ਪਰ ਫੇਰ ਦੋਵੇਂ ਮਿਲਕੇ ਇਕੋ ਇਕ ਆਤਮ-ਰਾਮ ਬਣ ਜਾਂਦੇ ਹਨ ! ਇਸ ਆਤਮ-ਰਾਮ ਬਿਨਾਂ ਨ ਅੰਦਰ ਤੇ ਨਾਂ ਬਾਹਿਰ ਦੀ ਸੁਧ ਬੁਧ ਹੁੰਦੀ ਹੈ, ਜੀਕੁਣ ਅਨ੍ਹੇ ਨੂੰ ਨ ਆਪਣੀ ਤੇ ਨਾਂ ਬਾਹਰਲੇ ਜਗਤ ਦੀ ਸੋਝੀ ਹੁੰਦੀ ਹੈ। ਇਹ ਆਤਮ

Sri Satguru Jagjit Singh Ji eLibrary NamdhariElibrary@gmail.com

ਰਾਮ ਕੀ ਹੈ। ਇਹ 'ਨਾਮ' ਦੇ ਨਿਜ ਨੈਨ ਗਿਆਨ ਧਿਆਨ ਹਨ; ਜਿਨ੍ਹਾਂ ਵਿਚ ਨਾਮ ਦਾ ਪ੍ਰਕਾਸ਼ ਪੈਹਲੋਂ ਪਹਿਲ ਹੁੰਦਾ ਹੈ, ਪਰ ਇਨ੍ਹਾਂ ਅੱਖਾਂ ਨੂੰ ਖੋਲ੍ਹਣ ਵਾਸਤੇ ਸਿਮਰਣ ਤੇ ਭਗਤੀ **ਕਾਂਖਿਆ** ਦੀ ਲੋੜ ਹੈ। ਇਹ ਅੰਤਰ ਵੱਸਿਆ ਬ੍ਰਹਮ ਹੈ।

(Immanent) = (Immaneul), ਅੰਤ੍ਰਜਾਮੀ

ੴ = ਜੀਕੁਣ ਮੂੰਹ ਦਾ ਚੁਕਾ ਨੱਕ ਨਾਲ ਹੋਂਦਾ ਹੈ, ਤੀਕਣ ਹੀ ਸ੍ਰੀ ਵਾਹਿਗੁਰੂ ਜੀ ਦਾ 'ਈਸ਼ੂਰ-ਸਰੂਪ' ਅਤੀ ਬਲਵਾਨ ਤੇ ਤੇਜਵਾਨ ਹੈ। ਇਹ ਜਾਹੋ-ਜਲਾਲ (His Majesty) ਤੇਜ ਓਜ ਯਾ ਪ੍ਰਚੰਡ ਪ੍ਰਤਾਪ ਦਾ ਨਾਉਂ ਹੈ 'ਈਸ਼ੂਰ'! ਇਹ ਓਅੰਕਾਰ ਦਾ ਪਹਿਲਾ ਪ੍ਰਤਿਬਿੰਬ **ਮਾਇਆ ਆਰਸੀ** ਵਿਚ ਹੈ, ਇਹ ਨਿਮਸਕਾਰ ਜੋਗ ਹੈ।

ਓ ਅ ੲ ਤਿੰਨ ਸ੍ਵਰ ਅੱਖਰ ਹਨ, ਇਨ੍ਹਾਂ ਤੋਂ ਛੁਟ ਹੋਰ ਸਭ ਅੱਖਰ **ਕੜਾਂਹੀ** ਤੇ ਲਮ ਦਲਾਂਘੇ ਜੇਹੇ ਹਨ। ਇਨ੍ਹਾਂ ਤਿੰਨਾਂ ਅੱਖਰਾਂ ਤੋਂ ਮਾਨੋ 'ਬਾਣੀ-ਬ੍ਰਹਮ' ਦੀ ਪਹਿਲੀ ਵੰਡ ਖਤਮ ਹੋਈ। ਇਨ੍ਹਾਂ ਤਿੰਨਾਂ ਨੂੰ ਤਿੰਨ ਗੁਣ ਜਾਂ ਤਿੰਨ-ਮੁਖੀ-ਵੰਡ ਕਿਹਾ ਜਾ ਸਕਦਾ ਹੈ। ਵਾਸਤਵ ਵਿਚ ਤਿਨਗੁਣ ਇਥੇ ਤਕ ਉਪਜੇ ਹੀ ਨਹੀਂ। ਇਸ ਕਰਕੇ ਇਹ ਨਿਰੰਕਾਰ ਦੀ ਆਪਣੀ ਨਿਰੋਲ ਤੇ ਸੂਖਮ ਵੰਡ ਹੈ, ਜੇਹਾ ਕਿ ਹੇਠਾਂ ਦਰਸਾਇਆ ਹੈ।

Sri Satguru Jagjit Singh Ji eLibrary NamdhariElibrary@gmail.com

ਸਤਿ
ਨਾਮ

੧	ਓ	ਅ	ੲ
ੲੴਕਾਰ 'ਨਾਮ' Spirit or Logos	ਓਅੰਕਾਰ	ਆਤਮ-ਰਾਮ Immanent One	ਈਸ਼ੂਰ God or First Person
੦			



੧ ੨ ੩ ੪ ੫

ੲੴਕਾਰ (੧) ਵਿਚ ਪਹਿਲੋਂ ਸੁੰਨ ਸੀ, ਫਿਰ 'ਨਾਮ, ਦੀ ਧੁਨੀ (੨) ਉਠੀ, ਫਿਰ ਓਅੰਕਾਰ (੩) ਰੂਪ ਬਣਿਆ' ਇਹ ਜਦ ਆਤਮ ਤੇ ਰਾਮ ਵਿਚ ਵੰਡਿਆ (੪) ਤਾਂ ਆਤਮ ਰਾਮ ਅਖਵਾਇਆ, ਫਿਰ ਜਦ ਕਲਾ ਸੰਜੁਗਤ ਓਅੰਕਾਰ ਪ੍ਰਕਿਰਤੀ ਤੋਂ ਭਿੰਨ ਹੋ ਗਿਆ ਤਾਂ ਪਰਮ-ਪੁਰਖ (੫) ਅਖਵਾਇਆ। 'ਪ੍ਰਕਿਰਤੀ' = ਪਰਮ ਪੁਰਖ ਦਾ ਆਪਣੇ ਆਪ ਵਿਚ ਪਰਛਾਵਾਂ ਹੈ, ਓਹਦੀ ਆਪਣੀ ਤੇਜ-ਓਜ, ਆਪਣੀ ਦੋਜ ਮੌਜ!

ਇਥੇ ਤਕ ਨਿਰਮਲ-'ਨਿਰੰਕਾਰੀ' ਰਚਨਾ ਹੈ। **ਹੰਗਤਾ ਅਗੋਂ ਆਵੇਨੀ।** (ਸ ਹ) ਇਹ ਪ੍ਰਥਮ ਭਾਗ ਦੇ ਦੋ ਅੰਤਲੇ ਟੋਟੇ ਹਨ, ਪਰ ਫੇਰ ਵੀ ਸੁਨੈਹਰੀ ਦੇ ਅੰਕ ਹਨ— ਸਸਾ ਸਵਾਸ ਵਾਂਙ "ਪ੍ਰਾਨ-ਨਾਥ" ਦਾ ਵਾਚਕ ਹੈ, ਤੇ ਹਾਹਾ ਹੋਠਾਂ ਵਾਂਗ 'ਹੰਗਤਾ' ਦਾ ਪੈਹਲਾ ਬੋਸਾ ਹੈ। ਅਸੀਂ ਕਈ

Sri Satguru Jagjit Singh Ji eLibrary NamdhariElibrary@gmail.com

ਵਾਰੀ (ਸ), (ਹ) ਨੂੰ ਜੋੜਕੇ ਹੇਠਲੇ ਦੋ ਗੁਰੂ ਮੰਤ੍ਰ ਬਣਾਂਦੇ ਹਾਂ:—

ਸੋਹੰ = ਉਹ ਵਾਹਿਗੁਰੂ ਮੈਂ ਹਾਂ !

ਹੰਸਾ = ਮੈਂ ਉਹ ਵਾਹਿਗੁਰੂ ਹਾਂ !

ਇਸ ਕਰਕੇ ਸ, ਹ ਦੀ ਜੋੜੀ ਕੁਝ ਐਸੀ ਜੋੜੀ ਹੈ, ਜੈਸੀ ਰਾਮ ਤੇ-ਲਛਮਣ ਯਾ ਰਾਮ-ਤੇ-ਜੀਵ ਦੀ ਜੋੜੀ। ਇਨ੍ਹਾਂ ਵਿਚੋਂ (ਸ) ਸਾਨੂੰ ਸੋ-ਪੁਰਖ ਵਾਹਿਗੁਰੂ ਜੀ ਦੀ ਯਾਦ ਦਿਲਾਂਦਾ ਹੈ ਤੇ (ਹ) ਹੰਗਤਾ ਦਾ ਪਹਿਲਾ ਚਿਨ੍ਹ ਹੈ। ਇਥੇ ਫਿਰ ਵੀ ਅਜਾਂ ਹਉਮੈ ਸੂਖਮ ਤੇ ਹਰੇ ਭਰੇ ਰੂਪ ਵਿਚ ਹੈ। ਅਸਾਂ (ਸ) ਦਵਾਰਾ ਸਾਂਵਲ ਸੁੰਦਰ ਰਮਣ ਯਾ ਦਾ ਰੂਪ ਡਿਠਾ ਹੈ, ਤੇ ਹਾਹਾ ਦਵਾਰਾ 'ਹਰੀ' ਦਾ ਹਰਾ ਭਰਾ ਰੂਪ ਜੋ ਵੇਖਕੇ ਦਿਲ ਖਿੜਦਾ ਤੇ ਹੀਆ ਵਿਗਸਦਾ ਹੈ।

ਇਹ ਦੋ ਰੂਪ ਵਾਹਿਗੁਰੂ ਜੀ ਦੇ ਅਨੋਖੇ ਪੈਹਲੇ ਝਾਂਵਲੇ ਹਨ। ਇਨ੍ਹਾਂ ਤੋਂ ਉਪਰ ਓਅੰਕਾਰ ਤੇ ਏਕੰਕਾਰ ਦੀਆਂ ਪਰਮ ਪ੍ਰਿਤਰ ਝਾਕੀਆਂ ਹਨ। ਸੰਸਾਰ ਰਚਨਾਂ ਵਿਚ (ਸ) ਤੇ (ਹ) ਬੀਜ ਵਤ ਬੀਜ ਦੇ ਦੋ ਮੁਢਲੇ ਪੱਤਰ ਹਨ। (Coty-ledons) ਦੋਵੇਂ ਇਕੱਠੇ ਅਵਤਰਦੇ ਹਨ। ਜਦ ਇਹ ਦੋਵੇਂ ਖਿੜਦੇ ਹਨ ਹੇਠਲੇ ਕਵਰਗ, ਚਵਰਗ ਆਦਿ ਰਚਨਾ ਵਿਚ ਆਂਵਦੇ ਹਨ।

ਕਵਰਗ ਇਸ ਬੈਖਰੀ ਬਾਣੀ ਦੇ ਨਾਲ ੨ ਸੰਸਾਰ ਦੀ ਮੁਢਲੀ ਰਚਨਾ ਹੈ। ਕਕਾ ਕੰਠ ਅਸਥਾਨ ਤੇ ਗਗਾ ਗਰਦਨ ਦੀ ਥਾਂ ਯਾਂ ਗਿਚੀ, ਕੰਠ ਉਪਰਲੇ ਧੜ ਦਾ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਆਦਿ ਯਾ ਧੁਰਾ ਹੈ ਤੇ ਇਹ ਕਾਰਨ-ਕਰਨ (First Cause) "ਕਰਤਾਰ" ਦਾ ਥਾਉਂ ਹੈ !

ਇਥੋਂ ਅਗੇ ਕਕੇ ਨਾਲ ਖਖਾ ਖਰੇ ਖੋਟੇ ਦੀ ਪਰਖ ਵਿਖਾਂਦਾ ਹੈ, ਤੇ ਖਖਾ ਸਾਨੂੰ ਖਰੇ-ਪਾਰਸ ਦੇ ਦਰਸ਼ਨ ਪੈਹਲੋਂ ਸਾਨੂੰ ਦਰਸਾਂਦਾ ਹੈ । ਪਰ ਇਹ ਖਰਾ-ਰੂਪ 'ਦਸਣ ਵਾਲਾ ਕੌਣ ਹੈ ? ਇਹ 'ਗੁਰਦੇਵ' ਏ, ਏਹ ਵਾਹਿਗੁਰੂ ਦਾ 'ਗੁਰਪ੍ਰਸਾਦਿ' ਰੂਪ ਹੈ, ਜੋ ਮੂਲ-ਮੰਤਰ ਵਿਚ ਜ਼ਰੂਰੀ ਅੰਗ ਹੈ ! ਘਘਾ ਆਤਮ-ਰਾਮ ਨੂੰ ਹੀ ਦਰਸਾਂਦਾ ਹੈ । ਪਰ ਕੇਹੜਾ ਆਤਮਰਾਮ ? ਉਹ ਜੋ ਸਰੀਰ ਰੂਪੀ ਘੜੇ ਵਿਚ ਟਣ ਇਜਮਾਨ ਹੈ ! ਜੋ ਹੰਗਤਾ ਦੇ ਘੋਰੇ ਵਿਚ ਹੁਣ ਡੁਬਾ ਪਿਆ ਹੈ, ਤੇ ਦੂਰੋਂ ਖਲੋਕੇ ਬੁਲਾਂਵਦਾ ਹੈ । ਇਹ ਘਟਾਂ ਦਾ ਮਾਲਕ ਕੌਣ ਹੈ ? ਇਹ ਸਾਡੀ ਸੰਜਨਾ ਯਾ (Conscience) ਹੈ, ਇਸ ਦੀ ਆਵਾਜ਼ ਕਿਸੇ ਡੁਬੇ ਹੋਏ ਪ੍ਰਾਣੀ ਦੀ ਹਾਕ (Echo) ਹੈ ! ਇਸ ਚਵਰਗ ਦਾ ਅਖਰੀਲਾ ਅੱਖਰ (ਙ) ਙਿਆਨ ਦਾ ਵਾਚਕ ਹੈ, ਜੋ ਉਪਰੋਂ ਹੇਠਾਂ ਵਲ ਸਿੰਮਦਾ ਸੋਮਾ ਹੈ। ਇਹ ਙਿਆਨ-ਮੁਵਰ ਦੀ **ਗੁਝਗਾਥਾ** ਹੈ ।

ਚਵਰਗ ਚਚਾ ਚਿਤ ਦੀ ਥਾਂ ਹੈ, ਜਿਥੇ 'ਚਿਤ-ਚੋਰ ਵਸਦਾ ਹੈ । ਛਛਾ ਛਾਤੀ-ਵੱਲ ਹੈ ਜਿਥੇ ਜਿਥੇ 'ਛੈਲ' ਛਬੀਲਾ' ਸਾਨੂੰ ਛਾਤੀ ਨਾਲ ਲਾਂਵਦਾ ਹੈ, ਤੇ ਸਾਨੂੰ ਆਪਣੇ ਵਾਂਗ ਨਿਰਮਲਾ ਤੇ ਕੋਮਲ ਬਣਾਂਦਾ ਹੈ। ਇਸ ਦੀ ਛੋਹ ਨਾਲ ਮੈਲੇ ਮੋਲਦੇ ਤੇ ਕਾਲੇ ਗੋਰੇ ਹੋਂਵਦੇ; ਇਹ ਮੁੜ ਨਿਰਮਲ ਖੇੜੇ ਦਾ ਅਸਥਾਨ ਹੈ । ਇਥੇ ਸਾਨੂੰ ਸਵਰਗ ਵਾਲਾ ਝੂਟਾ

Sri Satguru Jagjit Singh Ji eLibrary NamdhariElibrary@gmail.com

ਫਿਰ ਆਂਵਦਾ ਹੈ । ਜਜ਼ਾ 'ਜਗ-ਜੀਵਨ' ਦੀ ਜੋਤਿ ਵੀ ਇਸੇ ਥਾਂ ਚਿਤ ਯਾਂ ਹਿਰਦੇ ਤੋਂ ਵਗਕੇ ਸਾਰੇ ਸ਼ਰੀਰ ਨੂੰ ਲਹੂ ਵਾਂਗ ਹਰਾ ਭਰਾ ਕਰਦੀ ਹੈ–ਇਹ ਵਾਹਿਗੁਰੂ ਜੀ ਦੀ ਜੋਤ ਦਾ ਭਖਦਾ ਆਲ੍ਹਾ ਹੈ ਇਥੇ ਲਹੂ ਦੀ ਭਠੀ ਭਖਦੀ ਤੇ ਸ਼ਾਰੇ ਸਰੀਰ ਨੂੰ ਪ੍ਰਫੁਲਤ ਕਰਦੀ ਹੈ । ਥਥਾ ਜੋਤ ਦਾ ਉਹ ਨਿਰਮਲ ਸਰੂਪ ਹੈ, ਜੋ 'ਝੁਨਤਕਾਰ' (Vibration) ਵਜੋਂ ਮਨ ਭਾਂਵਦਾ ਹੈ ।

ਇਸ ਝੁਨਤਕਾਰ ਨਾਲ ਹਵਾਵਾਂ ਚਲਦੀਆਂ ਅਗਾਂ ਉਡਦੀਆਂ ਤੇ ਨਦੀਆਂ ਵਗਦੀਆਂ ਨੇ। ਇਸ ਥਰਥ੍ਰਾਹਟ ਦਾ ਪੈਹਲਾ ਰੂਪ 'ਕਵਾਉ' ਹੈ, ਪਰ ਉਸਦਾ ਥਾਉਂ ਓਅੰਕਾਰ ਦਾ ਮੰਡਲ ਹੈ ।

ਝ ਦਾ ਵੀਰ ਵੰਞਾਂ ਝੁਨਤਕਾਰ, ਮਨਕੇ **ਵਾਨੀਵਾਣ** ਦਾ ਪਤਾ ਲਗਦਾ ਹੈ । ਗਿਆਨ ਵਿਚ ਨਿਰਮਲ ਨਿਜਜੋਤ ਹੈ ਪਰ ਜਾਣਣ ਵਿਚ ਬੁਧੀ ਦੀ ਵੀ ਲਾਗ ਹੈ–ਇਹ ਅਨੁਭਵ ਤੋਂ ਦੂਜੇ ਦਰਜੇ ਦਾ ਗਿਆਨ ਹੈ, ਇਸੇ ਕਰਕੇ ਇਸ ਦਾ ਮੰਡਲ ਰਤਾਕੁ ਹਨੇਰਾ ਹੈ ।

ਟਵਰਗ ਟਵਰਗ ਤੇ ਪੁਜ ਕੇ ਸਾਡਾ ਲੱਕ ਵਾਹਿਗੁਰੂ ਜੀ ਵਲੋਂ ਟੁਟਣ ਲਗ ਪੈਂਦਾ ਹੈ, ਤੇ ਲੱਕ-ਟੁਟੀ ਲੋਥ ਨਾ ਅਗਾਂਹ ਜੋਗੀ ਤੇ ਨ ਪਿਛਾਂਹ ਜੋਗੀ । ਤਾਂਤੇ ਟਾਇਜਾ ਪੈਹਲੋਂ ਇਸ ਟੁਟੀ ਹੋਈ ਲੱਕ ਨੂੰ ਰੰਢਦਾ ਹੈ–'ਇਹ ਟੁਟੀ ਗਾਂਢਨਹਾਰ' ਦਾ ਵਾਚਕ ਹੈ । ਪਰ ਟੁਟੇ ਹੋਏ ਮਨ ਦੀ ਟੇਕ ਹੋਣ ਹੈ ?

Sri Satguru Jagjit Singh Ji eLibrary NamdhariElibrary@gmail.com

ਇਹ "ਠਾਕਰੁ" ਹੈ ਜੋ ਠਠੇ ਦੇਸ ਦਾ ਪ੍ਰਵੇਸੀ ਹੈ ਇਹ ਸਾਡੇ ਸਰੀਰ ਰੂਪੀ ਤੰਬੂ ਦਾ ਚੁਸ ਰਖਣ ਵਾਲਾ ਥੰਮ੍ਹ ਹੈ।

ਇਸ ਤੋਂ ਅਗੇ ਹੋਰ ਵਧੇਰਾ ਚਿਕਨਾਚੂਰੀ ਹੈ ਕਿਉਂਕਿ ਹੁਣ 'ਡਰ' ਦਾ ਡੰਗ ਹੈ। ਡਡੇ ਦਾ ਕੰਮ ਸਾਨੂੰ ਡਰਾਣਾ ਹੈ, ਪਰ 'ਢ' ਸਾਨੂੰ ਆਪਣੀ 'ਨਾਮ'-ਢੋਲਕ ਨਾਲ ਨਿਜ ਘਰ ਵਲ ਮੁੜ ਬੁਲਾਂਵਦਾ ਹੈ, ਇਸ 'ਢੋਲਨ' ਦੀ ਢੋਲਕ ਸਵਰਗੀ ਲੈ ਹੈ—ਇਹ ਜੰਗਲ ਵਿਚ ਮੰਗਲ ਕ ਦੀ ਤੇ ਦੁਖ ਵਿਚ ਸੁਖ ਦੀ ਸਵਰਗੀ ਲੋਰੀ ! ਓ ਨਾਮ ! ਵਾਰ ਵਾਰ ਤੇਰੀ ਮਿਠੀ ਮਾਖਿਉ'—ਮਿਠੀ ਢੋਲਕ ਨਿਰਮੋਲਕ ਤੋਂ ! ਣਾਣੇ ਵਿਚ ਸਤ ਤੇ ਅਸਤ ਦੀਆਂ ਧਿਰਾਂ ਦੋਵੇਂ ਅਗੋਂ ਸਾਮ੍ਹਣੇ ਹੋ ਕੇ ਲੜਦੀਆਂ ਹਨ ਤੇ ਣਾਣਾ 'ਮਨ-ਰਣਜਿਤ' ਤੇ ਰਣਜੀਤ ਅਖਵਾਂਦਾ ਹੈ—ਇਥੇ ਉਪਰਲੀ ਦੈਵੀ ਸੰਪ੍ਰਦਾ ਤੇ ਹੇਠਲੀ ਅਸੁਰੀ ਸੰਪ੍ਰਦਾ ਦੀ ਅਧ ਮਧ ਵਿਚ ਲੜਾਈ ਹੈ।

ਇਸ ਮਧ ਦਾ ਅਸਥਾਨ **ਢੱਕ** ਹੈ। ਇਥੇ ਦੋ ਧਿਰਾਂ ਜੁੜਦੀਆਂ ਤੇ ਰਣ ਸੰਗ੍ਰਾਮ ਨਿਤ ਛੇੜਦੀਆਂ ਹਨ। ਇਸ ਦੇ ਹੇਠ ਨਾਭੀ ਅਸਥਾਨ ਤੇ ਵਧੇਰਾ ਸੰਗ੍ਰਾਮ ਸੰਗਮ ਹੈ।

ਤਵਰਗ—ਤਵਰਗ ਨਾਭੀ ਦਾ ਮੰਝਲਾ ਅਸਥਾਨ ਹੈ। ਇਥੇ ਅਪੜਕੇ ਵਾਯੂ ਜੰਮ ਕੇ ਦੂਵ ਜਾਂਦੀ ਹੈ, ਤਾਂਤੇ ਸੰਸਾਰ ਸਾਗਰ ਭਉਸਾਗਰ ਬਣ ਜਾਂਦਾ ਹੈ। ਇਸ ਨੂੰ ਤਾਰਨ ਵਾਲਾ 'ਨਾਮ ਬੋਹਿਥ' 'ਤਰਨ-ਤਾਰਨ' ਦਾ ਵਡ ਤੀਰਥ ਹੈ। ਥਥਾ ਸਾਨੂੰ ਮੋੜਕੇ 'ਥਿਰ-ਸਥਿਰਤਾ' ਦੀ ਯਾਦ ਦਿਲਾਂਦਾ ਹੈ,

Sri Satguru Jagjit Singh Ji eLibrary NamdhariElibrary@gmail.com

ਜੀਕੁਣ ਡੁਬਾ ਹੋਇਆ ਪ੍ਰਾਣੀ ਫਿਰ ਉਪਰ ਸਿਰੀ ਕਢਕੇ ਕੰਢੇ ਵਲ ਵੇਖਦਾ ਹੈ। ਦਦੇ ਤੇ ਅਪੜਕੇ ਦੁਖ ਦਰਦ ਤੇ ਦਲਿਦਰ ਦੇ ਆਸਣ ਹੋਰ ਜੰਮ ਜਾਂਦੇ ਹਨ । ਤਾਂਤੇ ਦਦਾ 'ਦੁਖਭੰਜਨੀ' ਦਾ ਪ੍ਰਿਤਰ ਧਾਮ ਹੈ। ਧਧਾ ਇਕ ਪਾਸੇ ਸਾਡੇ ਸਰੀਰ ਨੂੰ ਚੁਕ ਰਖਦਾ ਹੈ, ਦੂਜੇ ਪਾਸੇ ਇਹ 'ਧਰਨੀਧਰ' ਬਣਕੇ ਪ੍ਰਿਥਵੀ ਨੂੰ ਚੁਕਦਾ—ਧਰਨੀਧਰ ਉਸ ਅਵਸਥਾ ਦਾ ਨਾਂ ਹੈ; ਜਿਥੇ ਸ਼ਬਦ ਵਾਯੂ ਵਿਚ ਵਾਯੂ, ਅਗਨੀ ਵਿਚ ਅਗਨੀ ਜਲ ਵਿਚ ਲੀਨ ਹੋਕੇ, ਪੰਜਵਾਂ ਤੱਤ ਪ੍ਰਿਥਵੀ ਰਚਿਆ ਗਿਆ ਹੈ। ਇਹ ਪਾਤਾਲ ਪੁਰੀ ਦਾ ਵਾਚਕ ਹੈ । ਨਨਾ ਇਸ ਤਰਾਂ ਇਕ ਪ੍ਰਕਾਰ ਦਾ 'ਨਿਰੰਕਾਰੀ' ਦੇਸ ਹੈ ਜਿਥੋਂ ਨਿਰੰਕਾਰ ਦੀ ਜੋਤ ਬਹੁੰ ਘਟ ਜੇਹੀ ਜਾਂਦੀ ਹੈ। ਇਹ ਅਵਸਥਾ ਉਲਟਕੇ ਸਾਨੂੰ 'ਧੰਨ-ਨਿਰੰਕਾਰ' ਦੀ ਯਾਦ ਕਰਾਂਦੀ ਏ. ਜੀਕਰ ਭੋਜਲ ਤੇ ਹੋਰ ਸਾਕੇ ਸਾਨੂੰ ਵਾਹਿਗੁਰੂ ਦੀ ਯਾਦ ਵਧੇਰੇ ਚੇਤਾਂਵਦੇ ਹਨ।

ਪਵਰਗ - ਪਪਾ ਅਵਸਥਾ ਇਕ ਪੜਾ ਹੋਰ ਸਾਨੂੰ ਹੇਠਾਂ ਲੈ ਜਾਂਦੀ ਹੈ, ਇਸ ਨੂੰ ਪਤਿਤ ਧਾਮ-ਆਖਦੇ ਹਨ ਤਾਂਤੇ ਪਤਿਤਾਂ ਨੂੰ 'ਪਤਿਤ ਪਾਵਨ' ਦੀ ਲੋੜ ਹੈ । ਫਫਾ ਸਾਨੂੰ ਜਮਰਾਜ ਬਣਕੇ ਟਕਰਦਾ ਹੈ। ਕਰਮਾਂ ਨੂੰ ਆਪਣੇ ਕਰਮ ਤਰੱਕੜ ਤੇ ਤੋਲਦਾ ਹੈ। ਸਚ ਨੂੰ ਸਚ, ਕਚ ਨੂੰ ਕਚ, ਐਸ ਨੂੰ ਵੈਸਾ ਹੋਕੇ ਮਿਲਦਾ ਹੈ -ਇਹ 'ਫਲ ਦਾਤਾ' ਜਾਂ ਵਿਧਾਤਾ ਸਰੂਪ ਹੈ

ਬਬਾ ਸਾਡਾ 'ਬਲਸਥਾਨ' ਜਾਂ ਕਾਂਮ ਅਸਥਾਨ ਹੈ ਜੋ ਇਕ ਤੋਂ ਦੋ, ਦੋ ਤੋਂ ਸੌ ਪੈਦਾ ਕਰਦਾ ਹੈ। ਇਥੇ ਆਕੇ ਜੀਵ

Sri Satguru Jagjit Singh Ji eLibrary NamdhariElibrary@gmail.com

ਕਾਮ ਵਸ ਹੋ ਕੇ, ਨੱਚਣ ਕੁੱਦਣ ਤੇ ਟੱਪਣ ਲਗ ਪੈਂਦਾ ਹੈ। ਜਦ ਕਾਮੀ ਕਾਮ ਵਸ ਹੋਕੇ, ਪਾਂਗਲ ਜੇਹਾ ਹੋ ਜਾਂਦਾ ਹੈ, ਤਾਂ ਬਬਾ ਸਾਨੂੰ 'ਬੀਨ' (ਨਾਮ ਤੀਰ) ਚਲਾਕੇ 'ਬੀਨ-ਬਿਜਉਏ' ਦੇ ਦਰਸ਼ਨ ਕਰਵਾਂਦਾ ਹੈ। 'ਬੀਨ-ਬਿਜਉਆ' ਮੁੜ ਸਾਨੂੰ ਕਾਲ ਦੇ ਚੱਕਰ ਚੋਂ ਕਢਕੇ ਉਪਰਲੇ ਧਾਮ ਵਲ ਲੈ ਜਾਂਦਾ ਹੈ ਜੀਕਣ ਸੂਰਦਾਸ ਕਾਮੀ ਤੋਂ ਵਡਨਾਮੀ ਹੋ ਗਿਆ! ਭਗਤਾਂ ਭਗਤਾਂ ਦੀ ਟੇਕ 'ਭਗਤ-ਵਛਲ' ਹੈ ਜੋ ਸਾਨੂੰ ਸੰਸਾਰ ਰੂਪੀ ਡਿੰਗੀ-ਖੂਹੀ ਵਿਚੋਂ ਬਾਹਰ ਕਢਦਾ ਹੈ। ਇਹ ਅਰਦਾਸ ਦਾ ਉਤਰ ਯਾ ਟੇਕ ਹੈ। ਮਮਾ ਮੋਹਿ ਦਾ ਠਿਕਾਣਾ, ਇਥੇ ਅਪੜਕੇ 'ਮੁਕਤੀ ਪਰਦਾਤਾ' ਕੁਝ ਦੀਕਣ ਆ ਮਿਲਦਾ ਹੈ, ਜੀਕੁਣ ਹਰਨਾਖਸ਼ ਨੂੰ ਢਿਡ ਚੀਰਨ ਲਈ ਨਰ ਸਿੰਘ ਨੇ ਅਵਤਾਰ ਧਾਰਿਆ ਸੀ।

ਯਵਰਗ—ਯਜਾ ਡਿਗਿਆਂ—ਢਠਿਆਂ ਦਾ 'ਯਾਰ ਸਖਾ ਤੇ ਮਿੱਤਰ ਬਣਕੇ ਮੁੜ ਆਂਵਦਾ ਹੈ। ਰਾਰਾ ਤੇ ਲਲਾ ਵਾਸਤਵ ਵਿਚ ਅਧ-ਸੂਰੇ ਅੱਖਰ ਹਨ। ਇਸ ਕਰਕੇ ਇਨ੍ਹਾਂ ਵਿਚ ਵਾਹਿਗੁਰੂ ਦਾ ਫਿਰ ਰੂਪ ਤੇ ਝੁਟਾ ਹੈ। ਵਵਾ ਸ੍ਰੀ 'ਵਾਸਦੇਵ' ਦੇ ਮੁੜ ਦਰਸ਼ਨ ਹੋਣ ਤੇ 'ਵਿਸਮਾਦ' ਦਾ ਝੁਟ ਆਂਵਦਾ ਹੈ।

ਇਸ ਤੋਂ ਪਿਛੋਂ ੜਾੜੇ ਦਾ 'ਪਤ-ਝੜੀ-ਝਾੜੂ' ਹੈ ਜੋ ਸਾਨੂੰ ਆਪਣੇ ਆਪ ਵਿਚ ਜੀਰਦਾ ਤੇ ਜਕੀੜਦਾ ਹੈ ਅੰਤ ਨੂੰ ਕਾਲ ਛਡ ਸ੍ਰੀ ਅਕਾਲ ਜੀ ਦੇ ਏਕੰਕਾਰ ਦਰਸ਼ਨ

Sri Satguru Jagjit Singh Ji eLibrary NamdhariElibrary@gmail.com

ਹਨ ; ਓ ਲਾਲਨ ਜੀਉ ! ਇਹ ਪੈਂਤੀ ਅੱਖਰ ਤੁਹਾਡੇ ਮੂੜ੍ਹੇ ਹਨ; ਤੁਸੀਂ ਏਕੰਕਾਰ ਦੇ ਸਵਰਨੀ ਅਸਥਾਨ, ਮੇਰੇ ਹਿਰਦੇ ਅਸਥਾਨ ਵਿਚ ਵਸਦੇ ਹੋ ! ਪੈਂਤੀ ,ਦੇ ਪਿਛੋਂ ਛਤੀਵੇਂ, ਸੋ ਪਿਛੋਂ ਇਕੋਤਰਵੇਂ, ਕਾਲ ਪਿਛੋਂ ਜਦ ਸ੍ਰੀ ਅਕਾਲ ਜੀ ਆਂਵਦੇ ਹਨ, ਤਾਂ ਲੂੰ ਲੂੰ ਵਿਚੋਂ ਸ੍ਰੀ ਵਾਹਿਗੁਰੂ ਜੀ ਰਾਸ ਮਚਾਂਵਦੇ ਪ੍ਰਗਟ ਹੋ ਜਾਂਵਦੇ ਹਨ !

ਵਾਹ ਵਾਹ ਵਾਹਿਗੁਰੂ !
ਵਾਹ ਵਾਹ ਵਾਹਿਗੁਰੂ !!
ਵਾਹ ਵਾਹ ਵਾਹਿਗੁਰੂ !!!

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

ਮੰਗਲਾਚਾਰ ਗੁਰਦੇਵ ਜੀਉ ॥

ਜੈ ਗੁਰਦੇਵ, ਜੈ ਮੁਕਤੇਵ, ਜੈ ਸੁਖਦੇਵ, ਜੈ ਅਨੰਦ-ਵਿਗਸੇਵ !
ਜੈ ਗੁਰਦੇਵ ਮੁਕਤਿ ਕੇ ਦਾਤੇ, ਜੈ ਗੁਰਦੇਵ ਜੁਗ-ਚਾਰੇ ਜਾਤੇ !
ਜੈ ਗੁਰਦੇਵ, ਜੈ ਜਗਤੇਵ, ਜੈ ਅਨਭੇਵ, ਜੈ ਸੁਧਾ ਸਰੇਵ !
ਜੈ ਗੁਰਦੇਵ, ਮੋਹਿ ਪ੍ਰੇਮ-ਪੁਲਕਾਵਤ,
ਜੈ ਗੁਰਦੇਵ ਮੋਹਿ ਝੂਮ-ਝੁਮਾਵਤ !
ਜੈ ਗੁਰਦੇਵ,ਜੈ ਆਦਿ-ਦੇਵ,ਜੈ ਸਰਨ-ਸਰੇਵ,ਜੈ ਅਮਿਓ-ਅਭੇਵ !
ਜੈ ਗੁਰਦੇਵ ਮੋਹਿ ਕੁਪਾਟ-ਖੁਲਈਆ,
ਜੈ ਗੁਰਦੇਵ ਮੋਹਿ ਹੀਆ-ਹੁਲਸਈਆ !
ਜੈ ਗੁਰਦੇਵ, ਜੈ ਰਤਨੇਵ, ਜੈ ਅਨੰਦੇਵ, ਜੈ ਅਗਨੇਵ !
ਜੈ ਗੁਰਦੇਵ ਹੰਉ ਚਲੁਲ ਰੰਗਈਆ,
ਜੈ ਗੁਰਦੇਵ ਹੰਉ ਕੇਸਰ-ਕੁਸਮਈਆ !
ਜੈ ਗੁਰਦੇਵ, ਜੈ ਅਲੱਖ-ਅਭੇਵ, ਜੈ ਬਿਸਮੇਵ, ਜੈ ਚਮਤੇਵ !
ਜੈ ਗੁਰਦੇਵ ਹਉਂ ਚੁਲੰਭ-ਚੋਲਈਆ,
ਜੈ ਗੁਰਦੇਵ ਹਉਂ ਪਾਰਸ-ਪਰਸਈਆ !
ਜੈ ਗੁਰਦੇਵ, ਜੈ ਅੰਮ੍ਰਿਤੇਵ, ਜੈ ਸਫਲੇਵ, ਜੈ ਹੁਕਮੇਵ !
ਜੈ ਗੁਰਦੇਵ ਹਉਂ ਸੁਰੰਗ-ਰੰਗਈਆ,
ਜੈ ਗੁਰਦੇਵ ਹਉਂ ਅੰਮ੍ਰਿਤ-ਪਿਲਈਆ !

Sri Satguru Jagjit Singh Ji eLibrary NamdhariElibrary@gmail.com

ਜੈ ਗੁਰਦੇਵ ਜੈ ਅਨੂਪੇਵ, ਜੈ ਅਵਤਰੇਵ, ਜੈ ਜੋਤਿ-ਜੋਤੇਵ !
ਜੈ ਗੁਰਦੇਵ ਹਉਂ ਭਗਤਿ-ਦ੍ਰਿੜਈਆ,
ਜੈ ਗੁਰਦੇਵ ਹੌਂ ਜੀਆਦਾਨ-ਦਵਈਆ !
ਜੈ ਜੈ ਆਦਿ, ਜੈ ਜੈ ਜੁਗਾਦਿ,ਜੈ ਜੈ ਅਨਾਦਿ,ਜੈ ਜੈ ਪਰਮਾਦਿ !
ਵਾਹੁ ਵਾਹਿ ਗੁਰਦੇਵ ਵਾਹੁ ਵਾਹਿ ਨੂਰ-ਨੂਰੇਵ !
ਵਾਹ ਵਾਹ ਪਰਮ-ਪੁਰਖੇਵ, ਵਾਹਿ ਵਾਹ ਮਸਤੇਵ !
ਜੈ ਜੈ ਗੁਰਦੇਵ, ਜੈ ਜੈ ਗੁਰਿ-ਗੁਰੇਵ,
ਵਾਹ ਵਾਹ, ਵਾਹ ਵਾਹ ਅਜ ਨਾਮੀ-ਨਾਮਿ ਅਭੇਵ !
ਵਾਹ ਵਾਹ ਸ੍ਰੀ ਸਤਿਗੁਰ ਦੇਵ, ਸ੍ਰੀ ਗੁਰੂ ਨਾਨਕ ਦੇਵ !
ਵਾਹ ਵਾਹ ਸ੍ਰੀ ਸਤਿਗੁਰ ਰੂਪੇਵ, ਸ੍ਰੀ ਗੁਰੂ ਗ੍ਰੰਥ ਜੁਗੋ-ਜੁਗੇਵ !!

ੴ ਸਤਿਨਾਮ

—:o:—

ਸ੍ਰੀ—ਗੁਰੂ-ਦੇਵ ਜੀਉ

(੩੫ ਅੱਖਰ) ਪੈਂਤੀ ਅੱਖਰੀ

(ਬੇਅੰਤ—ਅੱਖਰ) ਪਰਮ ਅੱਖਰੀ

(੧ ੴ) ਸ੍ਰੀ ਵਾਹਿਗੁਰੂ—ਜੀਉ

Sri Satguru Jagjit Singh Ji eLibrary NamdhariElibrary@gmail.com

੧ ਓ ਸਤਿਗੁਰ ਪ੍ਰਸਾਦਿ ॥

੧. (ਓ)

ਓੜਾ ਓਅੰਕਾਰ ਆਪ ਘੱਟ ਘੱਟ ਰਿਹਾ ਬਿਆਪ।
ਸਰਬ-ਭੂਤ ਉਪਾਵਨੋ, ਨੰਹੀ ਮਾਤ, ਨਹੀ ਬਾਪ।
ਓਅੰਕਾਰ ਕੀਆ ਸਭ ਜਗਤ ਪਸਾਰਾ।
ਓਅੰਕਾਰ ਆਪ ਉਪਾਵਨਹਾਰਾ।
ਓਅੰਕਾਰ ਤੇ ਉਪਤ ਸਭ ਹੋਈ।
ਓਅੰਕਾਰ ਸਭ ਓਤ-ਪ੍ਰੋਤੋਈ।
ਓਅੰਕਾਰ ਕਾ ਸਭ ਊਪਰ ਹਾਥ।
ਓਅੰਕਾਰ ਅੰਗ-ਸੰਗ, ਸਭਨ ਕੇ ਸਾਥ।
ਓਅੰਕਾਰ ਬਿਨਾ ਕਾਚੀ ਇਹ-ਗਾਗਰ।
ਓਅੰਕਾਰ ਉਪਾਏ ਅਨੰਤ ਰਤਨਾਗਰ।
ਓਅੰਕਾਰ ਆਪ ਸੂਖਮ ਸੂਤਰਧਾਰੀ।
ਓਅੰਕਾਰ ਆਪ ਲਾਏ ਬੈਠਾ ਤਾੜੀ।
ਓਅੰਕਾਰ ਰਮਿਆ ਇਸ ਤ੍ਰੈਲੋਈ।

Sri Satguru Jagjit Singh Ji eLibrary NamdhariElibrary@gmail.com

ੴਅੰਕਾਰ ਤੇ ਸ੍ਰਿਸ਼ਟੀ ਸਭ ਹੋਈ ।
ੴਅੰਕਾਰ ਤੇਜ-ਪੁੰਜ ਤ੍ਰੈਜ-ਮਈ ਸਦਿ ਆਪ।
ੴਅੰਕਾਰ ਜੋਤਿ ਸਰੂਪਿ, ਨਹੀਂ ਬਿਘਨ ਸੰਤਾਪ।
ੴਅੰਕਾਰ ਨੇ ਜਬ ਜਗ-ਰਚਨਾ ਠਾਨੀ।
ੴਅੰਕਾਰ ਘਟ ਉਮਡਿਓ ਇਕ "ਬਾਨੀ"।
ੴਅੰਕਾਰ 'ਬਾਨੀ'ਰੂਪ ਹੋਇ ਦਹਿ-ਦਿਸ ਅਵਤਰਿਓ।
ੴਅੰਕਾਰੀ-ਨਿਰਮਲ-ਨੀਰ ਸੋ ਸਭ ਜਗ ਸੁਭਰ-ਭਰਿਓ।
ੴਅੰਕਾਰ ਬੈਠਾ ਆਪ ਅਚੱਲ,ਚਲੀ ਇਹ "ਬਾਨੀ"।
ੴਅੰਕਾਰ ਕੇ ਪ੍ਰਭਾਵ ਸੋ ਵੁੜੀ, ਇਹ 'ਕਾਨੀ-ਵਿਭਾਨੀ'।
ੴਅੰਕਾਰ ਮੱਧ ਮਿਆਨ ਆਪ, 'ਬਾਣੀ' ਚਹੁ ਦਿਸ।
ੴਅੰਕਾਰ ਨਿਤ ਅਕਾਲ ਆਪ, ਚਲੀ ਇਹ ਅਹਿਨਿਸ।
ੴਅੰਕਾਰ ਪੁਰਖੋਤਮੋ, ਇਸ 'ਬਾਣੀ' ਪੁਰਖ ਉਪਾਏ।
ੴਅੰਕਾਰ ਅਜੂਨੀ ਸੰਭਉ,ਇਸ ਚੌਰਾਸੀ ਫੇਰ ਚਲਾਏ।
ੴਅੰਕਾਰ ਊਪਰ ਨਹੀਂ ਕਾਲ ਕਾ ਹਾਥ।
ੴਅੰਕਾਰ 'ਬਾਣੀ' ਭੀ ਅਗਮ ਅਗਾਥ।
ੴਅੰਕਾਰ ਅਸਥਿਤ ਰੂੜ੍ਹੀ, ਇਹ ਬਾਣੀ ।
ੴਅੰਕਾਰ ਸਦ-ਸੁਖ-ਆਸਨ, ਖਿੜੀ ਇਹ ਬਾਣੀ।

Sri Satguru Jagjit Singh Ji eLibrary NamdhariElibrary@gmail.com

ੴਅੰਕਾਰ ਕੀ ਮਹਿਮਾ ਕਹੁ ਕਿਆ ਬਖਾਨੂੰ ?
ੴਅੰਕਾਰ ਭੇਦ ਅਗਮ ਨਿਗਮ ਨਹੀਂ ਜਾਨੂੰ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ੴਅੰਕਾਰ ਮੇਰਾ ਸਰਬ ਪ੍ਰਿਤ ਪਾਲਨ।

---

੨. (ਅ)

ਐੜਾ ਆਤਮ ਰੂਪ ਆਪ "ਆਤਮ ਰਾਮ" ਪਛਾਨ।
ਆਤਮ ਰਾਮ ਕੇ ਜਾਨਨੇ ਉਪਜਿਓਤੀਨ ਲੋਕ ਕਾ ਗਿਆਨ।
ਆਤਮ ਰਾਮ ਘਟ ਘਟ ਅੰਤਰ ਪੇਖ।
ਆਤਮ ਰਾਮ ਕੇ ਸਿਰ ਨਾਹੀ ਲੇਖ।
ਆਤਮ ਰਾਮ ਜੋਤ ਸਰੂਪਿ ਕੀ ਜੋਤ।
ਆਤਮ ਰਾਮ ਹਭ ਅੰਤਰ ਓਤ-ਪ੍ਰੋਤ ।
ਆਤਮ ਰਾਮ ਸਭ ਦੇਸ ਦਿਸੰਤਰ।
ਆਤਮ ਰਾਮ ਨਿਕਸੇ' ਅਭਿ-ਅੰਤਰ।
ਆਤਮ ਰਾਮ ਬਿਨਾਂ ਰਾਮ ਕਿਨ ਪਾਇਆ ? ।
ਆਤਮ ਰਾਮ ਬਿਨਾਂ ਮਾਇਆ ਕਿਨ ਖਪਾਇਆ ?

Sri Satguru Jagjit Singh Ji eLibrary NamdhariElibrary@gmail.com

ਆਤਮ ਰਾਮ ਆਪਨ ਹੀ ਚਾਨਣ ।
ਆਤਮ ਰਾਮ ਜੋਤ ਨਿਜ-ਗਿਆਨ੍ਹਣ ।
ਆਤਮ ਰਾਮ ਆਂਖ਼ ਕੀ ਆਂਖ।
ਆਤਮ ਰਾਮ ਹਿਰਦੇ ਕੀ ਕਾਂਖ।
ਆਤਮ ਰਾਮ ਕਾ ਅਨੰਦ ਪ੍ਰਭਾਉ ।
ਆਤਮ ਰਾਮ ਕਾ ਸਹਿਜ ਸੁਭਾਉ ।
ਆਤਮ ਰਾਮ ਆ ਫੜੇ ਭਰੋਰੀ।
ਆਤਮ ਰਾਮ ਹਭ ਅਨਿਆਂ ਕਾ ਜੋੜੀ।
ਆਤਮ ਰਾਮ ਖੋਲੇ ਨਿਜ-ਨੈਨਾ ।
ਆਤਮ ਰਾਮ ਕਿ ਮੁਖ-ਅਨਹਤ-ਬੈਨਾਂ ।
ਆਤਮ ਰਾਮ 'ਬਾਵਨ-ਰੂਪ' ਕਹਾਵੇ।
ਆਤਮ ਰਾਮ ਕਲੀ ਕਾਲਿ ਕੋ ਖਾਵੇ।
ਆਤਮ ਰਾਮ ਖੋਲੇ ਹਭ ਗੁੰਝਲਾਂ।
ਆਤਮ ਰਾਮ ਕੀ ਹੈਂ ਨੂਰੀ ਗੰਦਲਾਂ।
ਆਤਮ ਰਾਮ ਕੀ ਪ੍ਰਚੰਡ—ਲੋਈ ।
ਆਤਮ ਰਾਮ ਕੀ ਜੋਤ ਸਰਬ ਸਮੋਈ।

Sri Satguru Jagjit Singh Ji eLibrary NamdhariElibrary@gmail.com

ਆਤਮ ਰਾਮ ਘਟ ਘਟ ਕਾ ਵਾਸੀ।
ਆਤਮ ਰਾਮ ਸਰਬਗ ਸਰਬ-ਨਿਵਾਸੀ।
ਆਤਮ ਰਾਮ ਫੜਨੇ ਕੀ ਕਹੁ ਨਿਸ਼ਾਨੀ ?
ਆਤਮ ਰਾਮ ਕੇ ਮੁਖ ਅਨਹਤ-'ਬਾਨੀ'।
ਆਤਮ ਰਾਮ ਬਿਨਾ 'ਬਾਨੀ' ਨਹੀਂ ਜਾਪੇ।
ਆਤਮ ਰਾਮ ਬਿਨ ਕਹੁ ਕਾਲ ਕੈਸੇ ਖਾਪੇ ?
ਆਤਮ ਨਾਮ 'ਬਾਨੀ' ਬਿਨ ਛੂਛਾ।
ਆਤਮ ਰਾਮ ਅਗਮ ਨਿਗਮੂਛਾ।
ਆਤਮ ਰਾਮ ਬਾਨੀ ਕੋ ਸਾਗਰ।
ਆਤਮ ਰਾਮ ਨਿਜ-ਜੋਤ-ਉਜਾਗਰ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲੰਨ।
ਆਤਮ ਰਾਮ ਇਹ ਮੇਰੋ ਘਟ ਕੋ ਚਾਣਨ।

੩. (ਏ)

ਈੜੀ ਨਿਕੀ, ਕੀੜੀ, "ਈਸ਼ੂਰ"ਕੀ ਇਹ ਸੂਖਮ ਨਿਸ਼ਾਨੀ।
ਇਸ-ਈੜੀ ਵਿਚ ਭਰਿਆ ਕੋਈ ਗੰਗਾ-ਜਲ-ਪਾਨੀ।
ਈਸ਼ੂਰ ਕੌਣ ਹੈ ? ਈਸ਼ੂਰ ਕਾ ਕਿਆ ਰੂਪ ?
"ਬਾਨੀ-ਸੰਜੁਗਤ"—ਓਅੰਕਾਰ, ਇਹੋ ਈਸ਼ੂਰ-ਸਰੂਪ।

Sri Satguru Jagjit Singh Ji eLibrary NamdhariElibrary@gmail.com

ईश्वर का अखंड अमितोज प्रताप।
ईश्वर का कोई माई, ना बाप।
ईश्वर सब जगत का करता।
ईश्वर करता, भरता, हरता।
ईश्वर तीन गुण का भंडारा।
ईश्वर रचिआ इहजग सारा।
ईश्वर ऐशवरज गुण निधि।
ईश्वर तेज पुंज रिध बुध-सिधि।
ईश्वर का प्रताप हब जग ठॅल्ले।
ईश्वर के प्रताप से काल-चॅकर चलें।
ईश्वर के मुख अमित तेज।
ईश्वर की कुख काल-की-सेज।
ईश्वर आप उपाऐ ते आपे खपाऐ।
ईश्वर आपे पढ़ाऐ ते आपे समझाऐ।
ईश्वर के हाथ कई सुदरशन-चॅकरा।
ईश्वर थोड़े खंड ब्रहमंड, बस इके टॅकरा।

Sri Satguru Jagjit Singh Ji eLibrary NamdhariElibrary@gmail.com

ਈਸ਼ੂਰ ਪ੍ਰਭਾਵ ਕੋਈ ਕਿਆ ਬਖਾਨੇ।
ਈਸ਼ੂਰ ਕਾਲ ਅਕਾਲ ਕੋ ਮਧ ਮਿਆਨੇ।
ਈਸ਼ੂਰ 'ਐਸ਼ਵਰਜ' ਕੋ ਨਾਂਉ।
ਈਸ਼ੂਰ ਤੇਜ ਕਾ ਅਖੰਡ-ਪ੍ਰਭਾਉ।
ਈਸ਼ੂਰ ਕੇ ਗਲ ਲਾਲਨ ਕੀ ਕਈ ਮਾਲਾ।
ਈਸ਼ੂਰ ਕੀ ਕਿਰਪਾ ਤੇ ਸਭ ਜਗਤ ਨਿਹਾਲਾ।
ਈਸ਼ੂਰ ਵੇਖੇ ਵਿਗਸੇ ਤੇ ਵੀਚਾਰੇ।
ਈਸ਼ੂਰ ਰਖੇ ਇਥੇ ਉਥੇ ਜੱਗ-ਰਖਵਾਰੇ।
ਈਸ਼ੂਰ ਕਾ ਕਹੁ ਕੌਣ ਕੰਮ-ਕਰਤਾ ?
ਈਸ਼ੂਰ ਕਾ 'ਨਾਮ'-ਅਨਾਮ ਹੀ ਸਰਬਗੱਤਾ।
ਈਸ਼ੂਰ ਆਪ ਤਖਤ-ਨਿਵਾਂਸੀ,ਪਰ'ਨਾਮ' ਵਡ-ਵਜੀਰਨ।
ਈਸ਼ੂਰੀ ਹੁਕਮ ਕਾ ਇਹੋ ਵਡ ਵਿਸਥੀਰਨ।
ਈਸ਼ੂਰ ਸਤ ਚਿਤ, ਪਰ ਇਹ ਅਨੰਦਾ।
ਈਸ਼ੂਰ ਅਵਗਤ,ਇਹ ਪਰਮਾਨੰਦਾ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਈਸ਼ੂਰ ਤੇਜ ਸਭ ਜਗ ਕੋ ਪਾਲਨ।

Sri Satguru Jagjit Singh Ji eLibrary NamdhariElibrary@gmail.com

४. (ਸ)

ਸ ਸਾ ਸਾਂਵਲ ਸੁੰਦਰ ਰੂਪ ਆਪ, ਤੇਜ-ਪੁੰਜ ਜਗ ਜਾਨ।
ਇਸ ਸਾਂਵਲ ਸੁੰਦਰ ਸਰੂਪ ਕੀ ਛਬਿ ਕਾ ਕਹੁ ਕਿਆ ਅਨੁਮਾਨ?
ਸਾਂਵਲ ਸੁੰਦਰ ਰਾਮਈਆ ਤੂੰ ਸੁੰਦਰਤਾ ਕੀ ਖਾਨਿ।
ਸਾਂਵਲ ਸੁੰਦਰ ਸੋਹਣਿਆ ਤੂੰ ਸਦ ਬਸਤ ਕੀ ਜਾਨਿ।
ਸਾਂਵਲ ਸੁੰਦਰ ਆਪੇ ਰਚੇ ਤੇ ਆਪੇ ਨਚੇ।
ਸਾਂਵਲ ਸੁੰਦਰ ਆਪੇ ਜਚੇ ਤੇ ਆਪੇ ਮਚੇ।
ਸਾਂਵਲ ਸੁੰਦਰ ਸੁੰਦਰਤਾ ਕਾ ਕਰਤਾ।
ਸਾਂਵਲ ਸੁੰਦਰ ਹਭ ਛੱਬੀਅਨ ਕੀ ਸੰਪਦਾ।
ਸਾਂਵਲ ਸੁੰਦਰ ਮੇਰਾ ਸੋਹਣਾ ਮੋਹਣਾ।
ਸਾਂਵਲ ਸੁੰਦਰ ਹਭ ਜਗ ਦਾ ਟੋਹਣਾ।
ਸਾਂਵਲ ਸੁੰਦਰ ਕੀ ਜਗਿ-ਮਗਿ ਜੋਤੀ।
ਸਾਂਵਲ ਸੁੰਦਰ ਸਿਰ ਝਿਲ-ਮਿਲ ਮੋਤੀ।
ਸਾਂਵਲ ਸੁੰਦਰ ਹਭ ਰੂਪ ਬਣਾਏ।
ਸਾਂਵਲ ਸੁੰਦਰ ਸਭ ਚੋਪੜੇ ਤੇ ਲਿਸ਼ਕਾਏ
ਸਾਂਵਲ ਸੁੰਦਰ ਕੋ ਅਨੰਤ ਪ੍ਰਭਾਉ।
ਸਾਂਵਲ ਸੁੰਦਰ ਕਾ ਅਮਿਤ ਉਠਾਉ।

Sri Satguru Jagjit Singh Ji eLibrary NamdhariElibrary@gmail.com

ਸਾਂਵਲ ਸੁੰਦਰ ਰਚੀ ਇਕ ਤੇਜ 'ਬਾਣੀ' ।
ਸਾਂਵਲ ਸੁੰਦਰ ਕਾ ਇਹੋ ਗੰਗਾ-ਜਲ-ਪਾਣੀ ।
ਸਾਂਵਲ ਸੁੰਦਰ ਕੀ ਇਹ 'ਬੇਨ' ਬਜਾਏ ।
ਸਾਂਵਲ ਸੁੰਦਰ ਕੀ 'ਬੇਨ' ਧੂਮ ਮਚਾਏ'।
ਸਾਂਵਲ ਸੁੰਦਰ ਕੀ ਪਾਰਸ ਪਰਸ ।
ਸਾਂਵਲ ਸੁੰਦਰ ਕੀ ਆਛੋਹ ਸਪਰਸ਼ ।
ਸਾਂਵਲ ਸੁੰਦਰ ਕੀ ਹਰਿਆਵਲ ਵਾੜੀ ।
ਸਾਂਵਲ ਸੁੰਦਰ ਕੀ ਸਦ-ਬਸੰਤੀ ਫੁਲਵਾੜੀ ।
ਸਾਂਵਲ ਸੁੰਦਰ ਸੁਧ ਫੂਲਨ ਕੀ ਸੇਜਾ ।
ਸਾਂਵਲ ਸੁੰਦਰ ਕਾ ਅਖੰਡ ਅਮਿਤੇਜਾ ।
ਸਾਂਵਲ ਸੁੰਦਰ ਕੇ ਘਰ ਨਿਤ ਨਿਤ ਨਿਰਤਕਾਰੀ ।
ਸਾਂਵਲ ਸੁੰਦਰ ਕੀ ਛੁਟੀ ਸਦ ਅਨੰਦ ਪਿਚਕਾਰੀ ।
ਸਾਂਵਲ ਸੁੰਦਰ ਤੇਜ ਕੋ ਸਾਗਰ ।
ਸਾਂਵਲ ਸੁੰਦਰ ਮਹਿ ਅਨੰਤ ਰਤਨਾਗਰ ।
ਸਾਂਵਲ ਸੁੰਦਰ ਕੀ ਗਤਮਿਤ ਕੌਣ ਜਾਣੇ ?
ਸਾਂਵਲ ਸੁੰਦਰ ਕਾ 'ਨਾਮ' ਨਾਮੀ ਪਛਾਣੇ ?

Sri Satguru Jagjit Singh Ji eLibrary NamdhariElibrary@gmail.com

ਸ਼ਾਂਵਲ ਸੁੰਦਰ ਕੀ ਪ੍ਰਭਾ 'ਨਾਮ' ਜਨਾਈ ।
ਸ਼ਾਂਵਲ ਸੁੰਦਰ ਤੋਂ ਹਉ ਬਲਿ ਬਲਿ ਜਾਈ ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ ।
ਸ਼ਾਂਵਲ ਸੁੰਦਰ ਕੋ ਅਮਿਤੋਜ-ਪ੍ਰਭਾਵਨ ।

---

੫. (ਹ)

ਹਾਹਾ ਹਰਨ-ਭਰਨ "ਹਰੀ" ਰੂਪ ਹੈ ਮਹਿਮਾ ਕਥੇ ਨਾ ਵੇਦ ।
ਇਸ ਹਰਿਆਵਲ ਭੇਦ ਕਉ ਜਾਨੈ ਕੋਈ ਵੈਦ-ਸੁਵੈਦ ।
ਹਰੀ ਰੂਪ ਹਨਿਆ ਹਭ ਸੰਸਾਰਾ ।
ਹਰੀ ਰੂਪ ਕਾ ਅਮਿਤ ਭੰਡਾਰਾ ।
ਹਰੀ ਰੂਪ ਤੇਜ ਕੋ ਸਾਬਣ ।
ਹਰੀ ਰੂਪ ਕਾ ਹਭ ਛਾਦਨ ਭੋਜਨ ।
ਹਰੀ ਰੂਪ ਹਰੇ ਤਿਹ ਲੋਕੀ ।
ਹਰੀ ਰੂਪ ਕੀ ਮਹਿਮਾਂ ਅਮੁਕੀ ।
ਹਰੀ ਰੂਪ ਦਾ ਜਗ ਵਿਗਮਾਵਾ ।
ਹਰੀ ਰੂਪ ਅਦਭੁਤ ਕਹਾਵਾ ।

Sri Satguru Jagjit Singh Ji eLibrary NamdhariElibrary@gmail.com

ਹਰੀ ਰੂਪ ਕਾਗ-ਕਾਲਖ ਸਭ ਹਿਰੇ ।
ਹਰੀ ਰੂਪ ਹੰਸ ਰੂਪ ਅਵਤਰੇ ।
ਹਰੀ ਰੂਪ-ਤਾਂ, ਨਿਰਮਲ ਜਿਰਦਾ ।
ਹਰੀ-ਰੂਪ, ਤਾਂ ਦੇਹਰਾ ਫਿਰਦਾ ।
ਹਰੀ ਰੂਪ ਹਰ ਮੁਖ ਕੀ ਅਨੂਪਮ ਛਬੀ ।
ਹਰੀ ਰੂਪ ਕੀ ਸਦ ਵਿਗਸੀ ਕਲਗੀ ।
ਹਰੀ ਰੂਪ 'ਜਿਰਨ-ਗਰਭ' ਉਪਾਇਆ ।
ਹਰੀ ਰੂਪ ਰਚੀ ਇਹ ਸੁਵਰਨੀ ਕਾਇਆ ।
ਹਰੀ ਰੂਪ ਕੀ ਸਦ-ਬਸੰਤੀ-ਬੁੱਤ ।
ਹਰੀ ਰੂਪ ਕਾ ਪ੍ਰਭਾਵ ਅਮਿਤ ਅਦਭੁਤ ।
ਹਰੀ ਰੂਪ ਦੁਖ ਦਰਦ ਕਾ ਡੇਰਾ ਢਾਹੇ ।
ਹਰੀ ਰੂਪ ਸੁਖ ਸਾਂਤਿ ਖੈਂਚ, ਘਰ ਲਿਆਏ ।
ਹਰੀ ਰੂਪ ਹਥ ਕਾਲ-ਬਹਾਰੀ ਸਦ ਫਿਰੇ ।
ਹਰੀ ਰੂਪ ਕੋ ਚਾਨਣ ਚੌਰਾਸੀ ਸਭ ਹਿਰੇ
ਹਰੀ ਰੂਪ ਕਾ ਸੂਰ ਇਕ ਦੀਪਕ ।
ਹਰੀ ਰੂਪ ਲਖੇਂ ਨਾ ਮਾਇਆ ਕੀਟਕ ।

Sri Satguru Jagjit Singh Ji eLibrary NamdhariElibrary@gmail.com

ਹਰੀ ਰੂਪ ਹਰ੍ਹ ਕਲਿ-ਮਲਿ ਪਰ-ਹਰੇ।
ਹਰੀ ਰੂਪ ਵੱਨ ਸੁਵਰਨੀ ਦੇਹੀ ਕਰੇ।
ਹਰੀ ਰੂਪ ਸੋ ਪ੍ਰਫੜੇ ਪੋਹ-ਫੁਟਾਲਾ।
ਹਰੀ ਰੂਪ ਕਾਲ ਕੋ ਵਡ-ਕਾਲਾ।
ਹਰੀ ਰੂਪ ਕਹੁ ਕਿਵੇਂ ਹਉ ਲਿਖੇ ?
ਹਰੀ ਨਾਮ ਬਿਨ ਕਿਨ ਪਾਈ ਸਿਖੇ ?
ਹਰੀ ਨਾਮ ਕੀ ਮਹਿਮਾ ਹਰੀ ਬਨ ਆਈ।
ਹਰੀ ਨਾਮ ਧੁਨੀ ਹੁਣ ਸਦ ਮੈਂ ਉਠ ਗਈ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਹੁਈ ਨਾਮ, ਹੁਹਾਗਣ ਕੀਤੋ ਅਜ ਵਡ ਭਾਗਨ।

---

੬. (ਕ)

ਕ੍ਰਕਾ ਕਾਰਨ ਕਰਨ ਆਪ, "ਕਰਤਾ ਪੁਰਖ" ਕਈ ਲੋਕ।
ਇਸ ਆਦਿ ਪੁਰਖ'ਕਰਤਾਰ'ਕੀ ਨਿਤ ਨਿਤ ਗਾਉਂ ਉਠ ਥੋਕ।
ਕਰਤਾ ਪੁਰਖ ਸੁਜਾਨ ਤੂੰ, ਤੂੰ ਮਾਈ ਤੂੰ ਬਾਪ।
ਤੁਧ ਬਿਨ ਕੌਣ ਜੱਗ ਜੀਵਨਾ ਇਸ ਜਗ ਕੋ ਧਰਾਪ ?

Sri Satguru Jagjit Singh Ji eLibrary NamdhariElibrary@gmail.com

ਕਰਤਾ ਪੁਰਖ ਸਭ ਜਗਤ ਉਪਾਏ ।
ਕਰਤਾ ਪੁਰਖ ਰਚੀ ਸਭ ਮਾਏ ।
ਕਰਤਾ ਪੁਰਖ ਸਭ ਸ੍ਰਿਸ਼ਟ ਕਾ ਕਰਤਾ
ਕਰਤਾ ਪੁਰਖ ਬਿਨ ਕੌਣ ਦੀਪਕ ਜਲੰਤਾ ?
ਕਰਤਾ ਪੁਰਖ ਖਿੜਾਈ ਜਗ-ਵਾੜੀ ।
ਕਰਤਾ ਪੁਰਖ ਨੇ ਰਚੀ ਇਹ ਚੰਦਨ-ਵਾੜੀ ।
ਕਰਤਾ ਪੁਰਖ ਰਚੀ ਇਕ 'ਬਾਣੀ' ।
ਕਰਤਾ ਪੁਰਖ ਕੀ ਇਹ ਚੌਧਰਆਣੀ ।
ਕਰਤਾ ਪੁਰਖ ਕੀ ਇਹ ਵਡ ਗਾਣੀ ।
ਕਰਤਾ ਪੁਰਖ ਕੀ ਇਹ ਵਡੀ ਨਿਸ਼ਾਨੀ ।
ਕਰਤਾ ਪੁਰਖ ਕੀ ਬਾਣੀ ਮਨ-ਭਾਨੀ ।
ਕਰਤਾ ਪੁਰਖ ਕੀ ਬਾਣੀ ਸਭ ਮਾਂਹਿ ਸਮਾਨੀ
ਕਰਤਾ ਪੁਰਖ ਤੀਨ ਗੁਨੋਂ ਕਾ ਕਰਤਾ ।
ਕਰਤਾ ਪੁਰਖ ਕਾ-ਇਹ ਬਾਣੀ-ਚਰਖਾ ।
ਕਰਤਾ ਪੁਰਖ ਕੀ ਤਾਣੀ ਤੀਨ ਭਵਨ ।
ਕਰਤਾ ਪੁਰਖ ਕੀ ਬਾਣੀ ਚਲਨ-ਭਰਨ ।

Sri Satguru Jagjit Singh Ji eLibrary NamdhariElibrary@gmail.com

ਕਰਤਾ ਪੁਰਖ ਕੀ ਨੌ ਨਿਧਿ ਬਾਣੀ ।
ਕਰਤਾ ਪੁਰਖ ਕੀ ਇਹ ਜੁਗਤ ਵਿਡਾਣੀ ।
ਕਰਤਾ ਪੁਰਖ ਕਾ ਇਹ ਨਿਰਮਲ ਅੱਖਰ ।
ਕਰਤਾ ਪੁਰਖ ਕਾ ਬਸ ਇਹੋ ਸੁਧਾਖਰ ।
ਕਰਤਾ ਪੁਰਖ ਕਾ ਬਸ ਇਹੋ ਦਰਸ਼ਨ ।
ਕਰਤਾ ਪੁਰਖ ਕਾ ਇਹੋ ਚਕਰ-ਸੁਦਰਸ਼ਨ ।
ਕਰਤਾ ਪੁਰਖ ਕਹੁ ਕਿਵ ਪਾਈਏ ?
ਕਰਤਾ ਪੁਰਖ ਕੀ ਬਾਣੀ ਬਿਨ ਸਦਾ-ਭਰਮਾਈਏ ।
ਕਰਤਾ ਪੁਰਖ ਜਬ ਭਏ ਦਿਆਲਾ ।
ਕਰਤਾ ਪੁਰਖ ਬਖਸ਼ੀ ਇਕ ਰਤਨ ਮਾਲਾ ।
ਕਰਤਾ ਪੁਰਖ ਕੀ ਲੀਲਾ ਕਰਤਾਰ ਆਖੇ ਜਾਣੇ ।
ਕਰਤਾ ਪੁਰਖ ਕੀ ਮਹਿਮਾ ਮੇਰਾ ਸਤਿਗੁਰ ਜੋਗੀ ਵਖਾਣੇ ।
ਕਰਤਾ ਪੁਰਖ ਹਉ ਬਲਿ ਬਲਿ ਜੋਹਿ ਜਾਈ ।
ਕਰਤਾ ਪੁਰਖ ਤੇਰੇ 'ਨਾਮ' ਕੀ ਅਜ ਜੋਤਿ ਜਗਾਈ ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ ।
ਕਰਤਾ ਪੁਰਖ ਕੀ ਨਿਤ-ਜੋਤਿ-ਅਭਿਲਾਖਨਿ ।

Sri Satguru Jagjit Singh Ji eLibrary NamdhariElibrary@gmail.com

੭. (ਖ)

ਖਖਾ 'ਖਰਾ' ਖਰਾ ਆਪ ਤੂੰ, ਕਲਿ-ਮਲਿ ਹਚਭਾ ਪਾਰਸ।
ਇਸ ਖਰੇ ਖਰੇ ਕੀ ਛੋਹ ਬਿਨ, ਕਵਨ ਪਤਿਝ ਕੇ ਢਾਕਸ।
ਖਖਾ ਖਫ਼ਾ ਸਭ ਜਗ ਤੂੰ ਕਰਤਾ।
ਖਚਾ ਰੂਪ ਤੇਰਾ ਜਗ ਕੋ ਧਰਤਾ।
ਖਮ ਪਰਸੇ ਬਿਨ ਕਵਨ ਮੁਕਤਾ।
ਖਰਾ ਪਾਏ ਬਿਨ ਕਵਨ ਜੁਗਤਾ।
ਖਰਾ ਪਰਸੇ ਤਾਂ ਸਭ ਜਗ ਸਰਸੇ।
ਖਰੀ ਛੋਹ ਬਿਨ ਕਿਵ ਤੋਹੇ ਦਰਸੇ?
ਖਰੇ ਖਰੇ ਕੀ ਕਵਨ ਨਿਸ਼ਾਨੀ।
ਖਰਿ ਭੰਡਾਰ ਕੀ ਖਰੀ ਨਉ-ਨਿਧਿ 'ਬਾਣੀ'।
ਖਰਾ ਖਰਾ ਤੁਧ ਆਖੇ ਲੋਕਾਈ।
ਖਰੇ ਬਿਨ ਕਹੁ ਕਿਨ ਗਤ ਪਾਈ।
ਖਰਾ ਖਜ਼ਾਨੇ ਖਿਚ ਬਹਾਵੇ।
ਖਰੇ ਬਿਨਾਂ ਅਗਨੀ ਤਪਤਾਵੇ:
ਖਰਾ ਕਲਿ-ਮਲਿ ਮਲ ਮਲਿ ਧੋਵੇ।
ਖਰਾ ਪੰਚ ਭੂਤ ਇਕ ਜੋਤਿ ਪ੍ਰੋਵੇ।

Sri Satguru Jagjit Singh Ji eLibrary NamdhariElibrary@gmail.com

ਖਰਾ ਖਰਾ ਖਰਾ ਤੇਰਾ ਰੂਪ।
ਖਰੀ ਜੋਤ ਅਮਿਤੋਜ ਅਨੂਪ।
ਖਰੇ ਬਿਨਾ ਮਾਂਥੇ ਕਿਵ ਤਿਲਕ ?
ਖਰੇ ਬਿਨਾ ਪਾਵੈ ਕੌਨ ਅਮਿਉ-ਝਲਕ
ਖਰਾ ਆਪ, ਤੂੰ ਖਰਾ ਕਰਾਵੇਂ।
ਖਰਾ ਜੁਗ ਜੁਗ, ਖਰੇ ਫੁਲ ਖਿੜਾਵੇਂ।
ਖਰੇ ਕੀ ਜੁਗਤੀ, ਖਰੀ ਤੇਰੀ 'ਬਾਣੀ'।
ਖਰੇ ਕੀ ਜਿਹ ਪਾਰਸ ਖਾਣੀ।
ਖਰਾ ਤਾਂ ਜੇ ਲਓ ਨਿਧਿ ਖਜ਼ਾਨੇ।
ਖਰਾ ਤਾਂ ਜੇ ਉਮਡਨ 'ਨਾਮ'-ਤਰਾਨੇ।
ਖਰਾ ਤਾਂ ਜੇ ਰੋਮਿ ਰੋਮ ਤੇਰੀ ਜੋਤਿ।
ਖਰਾ ਤਾਂ ਜੇ ਚੁਰੇ ਸਦ-ਸੁਚੇ ਮੋਤਿ।
ਖਰਾ ਤਾਂ ਜੇ ਰਾਮ-ਰਸ ਪੀਵੇ।
ਖਰਾ ਤਾਂ ਜੇ ਅਮਿਓ ਰਹਸ ਲਖੀਂਵੇ।
ਖਰੇ ਖਰੇ ਖਰੇ ਤੇਰੇ ਹਭ ਗੁਣ।
ਖਰੇ ਤੂੰ ਹਿਰੇ, ਮੇਰੇ ਹਭ ਔਗਣ।

Sri Satguru Jagjit Singh Ji eLibrary NamdhariElibrary@gmail.com

ਖ਼ਰੀ ਖਰੀ ਖਰੀ ਤੇਰੀ ਬਾਣੀ।
ਖ਼ਰੇ ਕੀ ਗਤਿ ਮਿਤ ਖਰੇ ਹੀ ਜਾਣੀ।
ਖ਼ਰਾ ਤਾਂ ਜਦ ਤੂੰ ਬ੍ਰਖਸ਼ਿੰਦਾ।
ਖ਼ਰੇ ਪ੍ਰਹਰੀ ਮੇਰੀ ਹਭ ਕਾਲਖ ਜਿੰਦਾ।
ਜਿਤ ਵਲ ਵੇਖਾਂ ਤਿਤ ਲਾਲਨ ਹੀ ਲਾਲਨ।
ਖ਼ਰੇ ਨੇ ਕੀਤੀ ਅਜ ਇਹ ਖੋਟੀ ਵਭ-ਮਾਲਨ।

---

੮. (ਗ)

ਗ਼ਗਾ ਆਦਿ ਜੁਗਾਦਿ-ਗੁਰ ਘਟ ਘਟ ਰਹਿਓ ਸਮਾਇ।
ਸ਼ਤਿਗੁਰ ਕੇ ਅਟੱਲ ਪ੍ਰਤਾਪ ਸੇ ਛਿਨ-ਭਿਨ ਭਈ ਹਭ ਮਾਇ।
ਜੈ ਗੁਰਦੇਵ ਮੁਕਤਿ ਕੇ ਦਾਤੇ।
ਜੈ ਗੁਰਦੇਵ ਮੁਕਤਿ ਭੁਗਤਿ ਬਿਖਿਆਤੇ।
ਜੈ ਗੁਰਦੇਵ ਹਭ ਅੱਘ ਵਿਨਾਸ਼ਕ।
ਜੈ ਗੁਰਦੇਵ ਪਤਿਤ ਪ੍ਰਿਤਪਾਲਕ।
ਗੁਰਦੇਵ ਮੇਰਾ ਪਿਤਾ, ਗੁਰਦੇਵ ਮੇਰੀ ਮਾਤਾ।
ਗੁਰਦੇਵ ਮੇਰਾ ਬੰਧਪੁ, ਗੁਰਦੇਵ ਮੇਰਾ ਭਰਾਤਾ।

Sri Satguru Jagjit Singh Ji eLibrary NamdhariElibrary@gmail.com

ਗੁਰਦੇਵ ਸਖਾ, ਗੁਰਦੇਵ ਮੇਰਾ ਸੰਗੀ।
ਗੁਰਦੇਵ ਸਹੋਦਰਾ, ਗੁਰਦੇਵ ਸਤ ਸੰਗੀ।
ਗੁਰਦੇਵ ਜੁਗ ਜੁਗ ਨਿਤ-ਚਾਨਣ।
ਗੁਰਦੇਵ ਜਗ-ਬੋਹਿਥ ਤਰਨ, ਤਾਰਨ ।
ਗੁਰਦੇਵ ਤੇਜ-ਪੁੰਜ,ਸਦ-ਸੂਰਜ-ਬੰਸੀ।
ਗੁਰਦੇਵ ਸੀਤਲਿ ਖਾਣਿ, ਨਿਤ-ਚੰਦਰ-ਬੰਸੀ।
ਗੁਰਦੇਵ ਹਾਥ ਮੇਰੇ ਮਨ-ਕੀ ਡੋਰੀ।
ਗੁਰਦੇਵ ਜਿਵੇਂ ਹਿਲਾਏ, ਤਿਵੇਂ ਹੰਉ ਚਲੋ ਰੀ।
ਗੁਰਦੇਵ ਨਿਤ-ਚੈਤਨ, ਨਹੀਂ ਕਦੇ ਤੋਟਾ।
ਗੁਰਦੇਵ ਜੁਗ ਜੁਗ ਅਟਲ, ਨਹੀਂ ਕਦੇ ਤਰੋਟਾ।
ਗੁਰਦੇਵ ਜੀਅ-ਦਾਨ ਦੇਵੇ ਗਿਆਨ-ਅੰਜਨ।
ਗੁਰਦੇਵ ਸੀਖ ਸਭ ਪਾਪ ਨਿਖੰਜਨ।
ਗੁਰਦੇਵ ਬਿਨਾਂ ਗਿਆਨ ਕਿਨ ਪਾਇਆ ਰੰਚਕ ?
ਗੁਰਦੇਵ ਬਿਨਾਂ ਬਾਨੀ ਬਲਵੰਚਕ।
ਗੁਰਦੇਵ ਬਿਨਾਂ ਗਤਿ ਪਾਈ ਕਿਮ।
ਗੁਰਦੇਵ ਬਿਨਾਂ ਨਹੀਂ ਉਤਰੇ ਥਿੰਮ।

Sri Satguru Jagjit Singh Ji eLibrary NamdhariElibrary@gmail.com

ਗੁਰਦੇਵ ਕੀ ਮਹਿਮਾ ਕਵਨ ਬਖਾਨੇ ।
ਗੁਰਦੇਵ ਰੂਪ ਗੁਰਦੇਵ ਹੀ ਜਾਨੇ ।
ਗੁਰਦੇਵ ਖਿੜਾਏ ਸਚ ਖੰਡ ਫੁਲਵਾੜੀ ।
ਗੁਰਦੇਵ ਜਗਾਏ ਜੋਤ-ਅਗਨਾਰੀ ।
ਗੁਰਦੇਵ ਵਹਾਏ 'ਨਾਮ' ਕੀ ਗੰਗਾ ।
ਗੁਰਦੇਵ ਕੋ ਆਸਨ ਮੇਰੋ ਹਿਰਦੰਗਾ ।
ਗੁਰਦੇਵ ਮਹਿਮਾ ਰੋਮ ਰੋਮ ਨਿਤ ਗਾਵੇਂ ।
ਗੁਰਦੇਵ ਕੀਰਤਨ ਵਣ ਤ੍ਰਿਣ ਅਲਾਵੇਂ ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ ।
ਗੁਰਦੇਵ ਜਗਾਇਓ ਦੀਪਕ ਤਾਂ ਚਾਨਣ ਹੀ ਚਾਨਣ ।

---

੯. (ਘ)

ਘਘਾ ਘੱਟ ਘੱਟ ਬਿਆਪਿਓ, ਅੰਤਰਜਾਮੀ ਘਨਿਸ਼ਾਮ ।
ਘਟ 'ਘੰਟਾ' ਜੂੰਹੀ ਜਾਨਿਓ, ਵਰ ਪਾਇਓ ਵਰਿਯਾਮ ।
ਘਟਾਂ-ਕਾ ਮਾਲਕ ਆਪ ਤੂੰ,ਤੂੰ ਸਖਾ ਤੂੰ ਮੀਤ ।
ਘਟ-ਤੱਟ ਪਾਏ ਬਿਨਾਂ ਕਵਨ ਕਹੇ ਜਗਜੀਤ ।

Sri Satguru Jagjit Singh Ji eLibrary NamdhariElibrary@gmail.com

ਘਟਾਂ ਕਾ ਮਾਲਕ ਨਿਤ ਕਰੇ ਹਾਕ।
ਘਟਾਂ ਕਾ ਮਾਲਕ ਜਗਮਗਾਏ ਖਾਕ।
ਘਟਾਂ ਕਾ ਮਾਲਕ ਮੇਰੋ ਅੰਤਰ-ਜਾਮੀ।
ਘਟਾਂ ਕਾ ਮਾਲਕ ਸਭ ਜਗ ਕੋ ਸਵਾਮੀ।
ਘਟਾਂ ਕਾ ਮਾਲਕ ਗਾਏ ਨਿਤ 'ਧੁਨੀ'।
ਘਟਾਂ ਕੇ ਮਾਲਕ ਕੀ ਇਹ ਅਜਬ ਗੁਨ-ਗੁਨੀ।
ਘਟਾਂ ਕਾ ਮਾਲਕ ਨਿਤ ਛੇਦੇ ਭਰਮ।
ਘਟਾਂ ਕਾ ਮਾਲਕ ਸਦ-ਸੀਤਲ, ਸਦ-ਗਰਮ।
ਘਟਾਂ ਕਾ ਮਾਲਕ ਘਟ ਕੋ ਚੰਦ।
ਘਟਾਂ ਕਾ ਮਾਲਕ ਵੰਡੇ ਨਿਜਾਨੰਦ।
ਘਟਾਂ ਕਾ ਮਾਲਕ ਘਟ ਕੋ ਤੀਰਥ।
ਘਟਾਂ ਕਾ ਮਾਲਕ ਨਿਤ-ਨਵਾਂ-ਭਗੀਰਥ।
ਘਟਾਂ ਕੇ ਮਾਲਕ ਨੇ ਜਦ ਖੋਲੀ ਜੁਗਤਿ।
ਘਟਾਂ ਕੇ-ਮਾਲਕ ਕੋ ਦੇਖਤ ਹੀ ਜੀਵਨ-ਮੁਕਤਿ।
ਘਟਾਂ ਕੇ-ਮਾਲਕ ਕੋ ਹਉਂ ਬਲਿ ਬਲਿ ਜਾਉਂ।
ਘਟਾਂ ਕੇ ਮਾਲਕ ਕੀ ਨਿਹਚਲ ਇਹ-ਛਾਓਂ।

Sri Satguru Jagjit Singh Ji eLibrary NamdhariElibrary@gmail.com

ਘਟਾਂ ਕੇ ਮਾਲਕ ਨੇ ਜਬ ਦੀਨੇ ਦਰਸ਼ਨ।
ਘਟਾਂ ਕੇ ਮਾਲਕ ਦੇਖਤ ਹੀ ਸਭ ਪਾਪ ਬਿਖੰਡਨ।
ਘਟਾਂ ਕੇ ਮਾਲਕ ਕੀ ਨਿਰਮਲ-ਬਾਨੀ।
ਘਟ ਘਟ ਸੁਨੀ, ਧੁਨਿ ਸ੍ਰਵਨ ਬਖਾਨੀ।
ਘਟਾਂ ਕੇ ਮਾਲਕ ਕਾ ਅਨਹਦ ਘੰਟਾ।
ਘਟਾਂ ਕੇ ਮਾਲਕ ਕੋ ਨਹੀ ਕਾਹੜਾ ਨਾ ਟੰਟਾ।
ਘਟਾਂ ਕੇ ਮਾਲਕ ਕਾ ਨਿਰਮਲ ਨੀਰ।
ਘਟਾਂ ਕੇ ਮਾਲਕ ਕੀ ਇਹ-ਦਾਤ ਗੰਭੀਰ।
ਘਟਾਂ ਕਾ ਮਾਲਕ ਵਡ ਤੀਰਥ, ਅਠ-ਸਠ ਇਸ਼ਨਾਨਾ।
ਘਟਾਂ ਕੇ ਮਾਲਕ ਬਿਨ ਕਿਨ ਪਾਇਆ ਪਦ-ਨਿਰਬਾਨਾ।
ਘਟਾਂ ਕਾ ਮਾਲਕ ਸਦ 'ਨਾਮ-ਨਿਵਾਸੀ'।
ਘਟ ਘਟ ਕੀ ਪਟਿ ਨਾਮਿ ਲਿਖਾਸੀ।
ਘਟਾਂ ਕਾ ਮਾਲਕ ਮੇਰਾ ਬਾਲ-ਸਖਾਈ।
ਘਟਾਂ ਕਾ ਮਾਲਕ ਮੇਰੋ ਪ੍ਰਾਨ-ਜਵਾਈ।
ਜਿਤ ਵਲ ਵੇਖਾਂ ਮੇਰਾ ਲਾਲਨ ਹੀ ਲਾਲਨ।
ਘਟਾਂ ਕੇ ਮਾਲਕ ਕੋ ਘੰਟਾ ਸੁਨਿ ਭਈ ਨਿਹਾਲਨ।

Sri Satguru Jagjit Singh Ji eLibrary NamdhariElibrary@gmail.com

੧੦. (ਝ)

ਝੂਠਾ ਝਿਆਨ, ਨਿਜ ਗਿਆਨ ਆਪ, ਝਿਆਨੇਸ਼ਵਰ ਤੂੰ ।
ਇਸ ਝਿਆਨ ਜੋਤ ਜਗਾਏ ਬਿਨ, ਘਟ ਘਟ ਮਹਿ ਸਦ-ਧੂੰ ।
ਝਿਆਨੇਸ਼ਵਰ ਕੋ ਨਿਮਸ਼ਕਾਰ, ਸਦ ਬੰਦਨ ਬਾਰੰ-ਬਾਰ ।
ਝਿਆਨੇਸ਼ਵਰ ਹੈਂ 'ਗਨੇਸ਼ ਜੀ', ਮਨਾਵੇ ਕਵੀ ਮੁਨੀ-ਮੁਨੀਸ਼ੂਰ ।
ਝਿਆਨੇਸ਼ਵਰ ਜੀ ਜਬ ਮੇਰੋ ਘਰ ਮਹਿ ਆਇਉ ।
ਝਿਆਨੇਸ਼ਵਰ ਜੀ ਨੇ ਮੋਹੇ ਤਬ ਦੀਪ ਦਿਖਾਇਓ ।
ਝਿਆਨੇਸ਼ਵਰ ਜੀ ਕੋ ਅਖੰਡ ਪ੍ਰਭਾਉ ।
ਝਿਆਨੇਸ਼ਵਰ ਜੀ ਕੋ ਸਹਜਿ ਸੁਭਾਉ ।
ਝਿਆਨੇਸ਼ਵਰ ਜੀ ਜੋਤਿ ਕੀ ਜੋਤ ।
ਝਿਆਨੇਸ਼ਵਰ ਜੀ ਜਗ-ਜੀਵਨ-ਜੋਤ ।
ਝਿਆਨੇਸ਼ਵਰ ਜੀ ਕੀ ਨਿਰਮਲ ਬਾਨੀ ।
ਝਿਆਨੇਸ਼ਵਰ ਕੀ ਜੋਤਿ-ਪਰਮ-ਨਿਧਾਨੀ ।
ਝਿਆਨੇਸ਼ਵਰ ਜੀ ਝਿਆਨ ਕੇ ਦਾਤੇ ।
ਝਿਆਨੇਸ਼ਵਰ ਬਿਨ ਸਭ ਭਰਮ ਭਰਮਾਤੇ ।
ਝਿਆਨੇਸ਼ਵਰ ਜੀ ਕਰੇਂ ਮਸਿਆ ਮੈਂ ਪੂਰਨਮਾ ।
ਝਿਆਨੇਸ਼ਵਰ ਜੀ ਪਾਰਸ ਪਰਸੇਂ, ਤਉ' ਸੰਪੂਰਨਾ ।

Sri Satguru Jagjit Singh Ji eLibrary NamdhariElibrary@gmail.com

ਤ੍ਰਿਆਨੇਸ਼ਵਰ ਜੀ ਸਭ ਕਲ-ਮਲ ਪ੍ਰਹਰੇਂ।
ਤ੍ਰਿਆਨੇਸ਼ਵਰ ਜੀ, ਤ੍ਰਿਆਨ-ਛਤਰ-ਛਾਇਆ ਸਿਰ ਕਰੇਂ।
ਤ੍ਰਿਆਨੇਸ਼ਵਰ ਜੀ 'ਅਨਲ-ਮਨਲ' ਕੋ ਆਲੁਣ ।
ਤ੍ਰਿਆਨੇਸ਼ਵਰ ਜੀ ਹੁਮਾ ਪੰਛੀ ਕੀ ਛਾਵਣਿ।
ਤ੍ਰਿਆਨੇਸ਼ਵਰ ਜੀ ਜਬ ਘਰ ਮਹਿ ਆਏ ।
ਤ੍ਰਿਆਨੇਸ਼ਵਰ ਪ੍ਰਤਾਪ ਸੇ ਕਾਨੀ ਉਡੀ ਉਡਾਏ।
ਤ੍ਰਿਆਨੇਸ਼ਵਰ ਨਿਤ-ਸੂਰ-ਪ੍ਰਭਾਕਰ।
ਤ੍ਰਿਆਨੇਸ਼ਵਰ ਨੌ ਨਿਧ ਰਿਧ ਸਿਧ ਰਤਨਾਗਰ।
ਤ੍ਰਿਆਨੇਸ਼ਵਰ ਜਬ ਭਏ ਦਿਆਲਾ ।
ਤ੍ਰਿਆਨੇਸ਼ਵਰ ਜੀ ਕਟੇ ਜਮ ਜਾਲਾ ।
ਤ੍ਰਿਆਨੇਸ਼ਵਰ ਬਿਨ ਮੁਕਤੀ ਕਿਨ ਪਾਈ।
ਤ੍ਰਿਆਨੇਸ਼ਵਰ ਬਿਨ ਸਭ ਅੰਧੀ ਲੋਕਾਈ।
ਤ੍ਰਿਆਨੇਸ਼ਵਰ ਗਿਆਨ ਵਿਗਿਆਨ ਕੇ ਪੁੰਜ।
ਤ੍ਰਿਆਨੇਸ਼ਵਰ ਹਰਨ ਭਰਨ ਪਾਪ ਸਭ ਮੁੰਚ।
ਤ੍ਰਿਆਨੇਸ਼ਵਰ ਕੀ ਸਰਸ੍ਵਤੀ ਸਭ ਜਾਈ।
ਤ੍ਰਿਆਨੇਸ਼ਵਰ ਬਿਨ ਕਿਨ ਕਵੀ ਕਹਾਈ ।

Sri Satguru Jagjit Singh Ji eLibrary NamdhariElibrary@gmail.com

ਜੋਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਫ਼ਿਆਨੇਸ਼ ਵਰ ਨੇ ਜੋਤ ਜਗਾਈ ਤਉ ਤੀਨ ਭੁਵਨ ਮਹਿ ਚਾਨਣ।

---

੧੧. (ਚ)

ਚਚਾ ਇਸ ਸੂਖਮ ਚਿਤ-ਚੋਰ ਕੀ ਮਹਿਮਾ ਕਿਕੂ ਬਖਾਨਉ।
ਆਇਓ ਮੋਰੇ ਦਵਾਰ ਜਬ, ਲੀਓ ਕਖ ਦੀਓ ਲਖ ਭੁਗਾਨਉ।
ਚਿਤ ਚੋਰ ਚੋਰੀ ਨਿਤ ਕਰੇ।
ਚਿਤ ਚੋਰ ਮੇਰੀ ਕਲਿ ਮਲ ਹਿਰੇ।
ਚਿਤ ਚੋਰ ਕੁਝ ਕੁਝ ਲੇਵੇ ਕੁਝ ਦੇਵੈ।
ਚਿਤ ਚੋਰ ਆਪ ਛੀਨ ਵਡ-ਆਪਾ ਦੇਵੈ।
ਚਿਤ ਚੋਰ ਅਤੀ ਕੋਮਲ ਅਤੀ ਸੂਖਮ।
ਚਿਤ ਚੋਰ ਪਰਸੇ ਤਉ ਕਮਲ ਵਿਗੁਸਮ।
ਚਿਤ ਚੋਰ ਮੇਰੋ ਮਨ ਕੋ ਗਾਹਕ।
ਚਿਤ ਚੋਰ ਮਾਰੇ ਮਨ ਚਾਬਕ।
ਚਿਤ ਚੋਰ ਪਵਨ ਫੰਗ ਲਾ ਮੋਹਿ ਉੜੇ।
ਚਿਤ ਚੋਰ ਕੀ ਇਹ ਚਾਲ ਮੋਹਿ ਨਿਤ ਪੁੜੇ।

Sri Satguru Jagjit Singh Ji eLibrary NamdhariElibrary@gmail.com

ਚਿਤ ਚੋਰ ਕੇ ਚੋਜ ਅਨੂਪਮ।
ਚਿਤ ਚੋਰ ਕੀ ਮਹਿਮਾ ਸਦ ਊਤਮ।
ਚਿਤ ਚੋਰ ਸਦ ਚੋਜੀ ਸਦ ਮੌਜੀ।
ਚਿਤ ਚੋਰ ਘਟ ਘਟ ਕਾ ਖੋਜੀ।
ਚਿਤ ਚੋਰ ਚਿੰਤਾ ਸਭ ਲਾਹੇ।
ਚਿਤ ਚੋਰ ਕਲ ਮਲ ਸਭ ਖਾਏ।
ਚਿਤ ਚੋਰ ਬੌਣਾ ਤੇ ਵੌਣਾ।
ਚਿਤ ਚੋਰ ਕਾ 'ਨਾਮ' ਨਿਸ਼ੌਨਾ।
ਚਿਤ ਚੋਰ ਨਾਮ ਤੀਰ ਨਿਤ ਚਲਾਏ।
ਚਿਤ ਚੋਰ ਘਾਇਲ ਕਰੋ ਫੁਨ ਮਰਹਮ ਲਾਏ।
ਚਿਤ ਚੋਰ ਜਬ ਭਏ ਮੋਹਿ ਪਹਿ ਆਸ਼ਕ।
ਚਿਤ ਚੋਰ ਨੇ ਪਿਲਾਈ ਦਤਾਕੁ ਨਾਮ ਕੀ ਕਾਸ਼ਕ।
ਚਿਤ ਚੋਰ ਮੋਰੇ ਚੀਰ ਸਭ ਹਿਰੇ।
ਚਿਤ ਚੋਰ ਨੇ ਮੇਰੇ ਵਿਘਨ ਸਭ ਖੁਰੇ।
ਚਿਤ ਚੋਰ ਆਵੇ ਜਾਵੇ ਨਿਤ ਦਬੇ ਪੈਰੋਂ।
ਚਿਤ ਚੋਰ ਕੀ ਕੋਮਲ ਪਰਸ ਮੋਹਿ ਨਿਤ ਨਿਤ ਘੇਰੇ।

Sri Satguru Jagjit Singh Ji eLibrary NamdhariElibrary@gmail.com

ਚਿਤਚੋਰ ਜੀ ਤੁਸੀਂ ਜਮ ਜਮ ਆਓ।
ਚਿਤਚੋਰ ਬਿਨਾਂ ਮੁਕਤਿ, ਕਿਮ ਪਾਊਂ ?
ਚਿਤਚੋਰ ਕੀ ਅਨੂਪਮ ਬੀਨਾ,
ਚਿਤਚੋਰ ਕੀ ਬੀਨ ਨੇ ਮਨ ਮੇਰੋ ਹਰ ਲੀਨਾ।
ਚਿਤਚੋਰ ਨੇ ਜਬ ਮਿਰਦੰਗ ਛੇੜਾ।
ਚਿਤਚੋਰ ਨੇ ਲਾਇਓ ਤਬ ਸਦ-ਬਸੰਤੀ ਖੇੜਾ।
ਚਿਤਵਲ ਵੇਖਾਂ ਮੇਰੋ ਲਾਲਨ ਹੀ ਲਾਲਨ।
ਚਿਤਚੋਰ ਨੇ ਮੋਹਿ ਚੁਰਾਇਆ, ਤਉ ਲਖ-ਲਾਖ ਵਿਕਾਵਨ।

---

੧੨. (ਛ)

ਛਟਾ ਛੈਲਛਬੀਲ ਤੂੰ, ਮੋਹਨ, ਮਨਮੋਹਨ, ਜਗਮੋਹਨ।
ਛੈਲਛਬੀਲੇ ਬਾਲ-ਗੁਪਾਲ ਨੇ ਕੀਓ ਮੇਰੋ ਮਨ ਹਰਨ।
ਛੈਲਛਬੀਲੇ ਮੋਹਿਨਾ, ਸਾਂਵਲ ਸੁੰਦਰ ਤੂੰ।
ਛੈਲਛਬੀਲਾ ਤਉਂ ਸਦ, ਮਨ ਮੰਦਰ ਜਦ ਤੂੰ।
ਛੈਲਛਬੀਲਾ ਮੇਰੋ ਮਨ ਮੋਹਨ।
ਛੈਲ ਛਬੀਲਾ ਹਭ ਜਗ ਸੇ ਸੋਹਨ।

Sri Satguru Jagjit Singh Ji eLibrary NamdhariElibrary@gmail.com

ਛੈਲਛਬੀਲੈ ਨੇ ਮਾਰੀ ਕਾਰੀ ਕੀ ਕਟਾਰੀ ।
ਛੈਲਛਬੀਲੇ ਨੇ ਬਸਰ ਸਿਲ ਮੇਂ ਵਾਹੀ ਆਰੀ ।
ਛੈਲਛਬੀਲੇ ਕੀ ਇਕ ਕਟਾਖ ਨੇ ਮੋਹਿ ਮੋਹਿਓ ।
ਛੈਲਛਬੀਲੇ ਕੀ ਇਕ ਝਾਂਕੀ ਨੇ ਮਨਿ ਖੋਇਓ ।
ਛੈਲਛਬੀਲੇ ਪੁਰਖੋਤਮਾ, ਸਰਬਓਤਮ ਤੂੰ ।
ਛੈਲਛਬੀਲੇ ਘਟ ਘਟ ਮੇਂ ਤੇਰੀ ਖੁਸ਼ਬੂ ।
ਛੈਲਛਬੀਲੇ, ਤੂੰ ਜੋਂਗਮੱਗ, ਤੂੰ ਝਿਲਮਿਲ ।
ਛੈਲਛਬੀਲੇ, ਤੂੰ ਉਨਮਨ ਤੂੰ ਰਿਣਝਿਣ ।
ਛੈਲਛਬੀਲੇ ਤੂੰ ਵਾਹ ਵਾਹ ਕੀ ਫੁਲਵਾੜੀ ।
ਛੈਲਛਬੀਲੇ ਘਟ ਘਟ ਮਹਿ ਤੇਰੀ ਚੰਦਨ ਵਾੜੀ ।
ਛੈਲਛਬੀਲੇ ਤੂੰ ਕੂਲਾ, ਤੂੰ ਪੱਟ, ਤੂੰ ਰੇਸ਼ਮ ।
ਛੈਲਛਬੀਲੇ, ਤੇਰੀ ਪਾਰਸ ਪਰਸ, 'ਵਾਹ ਇਹ ਅਬਰੇਸ਼ਮ ।
ਛੈਲਛਬੀਲੇ, ਤੂੰ ਪੁਖਰਾਜ, ਤੂੰ ਨੀਲਮ ।
ਛੈਲਛਬੀਲੇ, ਤੂੰ ਹੀਰਾ, ਤੂੰ ਲਾਲਨ ।
ਛੈਲਛਬੀਲੇ, ਨਿਰਗੁਨ ਵਿਚ ਗੰਗਾ, ਕਿਨ ਵਹਾਈ ?
ਛੈਲਛਬੀਲੇ, ਤੂੰ ਆਇਆ, ਤਾਂ ਹਰਿ ਆਵਲ ਆਈ ।

Sri Satguru Jagjit Singh Ji eLibrary NamdhariElibrary@gmail.com

ਛੈਲਛਬੀਲੇ ਪੋਹ ਫੁਟਾਲ ਤੇਰੀ ਰਾਣੀ।
ਛੈਲਛਬੀਲੇ ਸਤ-ਰੰਗੀ-ਪੀਂਘ ਤੇਰੀ ਬਾਣੀ।
ਛੈਲਛਬੀਲੇ ਇਸ ਬਾਣੀ ਬਿਨ ਬਸੰਤ ਕਿਨ ਪਾਈ ?
ਛੈਲਛਬੀਲੇ ਇਹ ਆਈ, ਤਾਂ ਤੇਰੀ ਤਾਜ਼ਗੀ ਵੀ ਆਈ।
ਛੈਲਛਬੀਲੇ ਵਾਹ ਵਾਹ ਤੇਰੀ ਗੰਧ-ਸੁਗੰਧ।
ਛੈਲਛਬੀਲੇ ਅਨੂਪਮ ਤੇਰੀ ਸੋਜਾ ਤੇ ਨੰਦ ਚੰਦ।
ਛੈਲਛਬੀਲੇ ਤੂੰ ਮੇਰੇ ਮਨ ਕੀ ਨਈਆ।
ਛੈਲਛਬੀਲੇ ਭਵਸਾਗਰ ਤੇ ਤੈਂ ਪਾਰ ਲੰਘਈਆ।
ਛੈਲ ਸਦ ਛੈਲਾ, ਨਹੀਂ ਮੈਲਾ ਤੂੰ।
ਛੈਲ ਨੇ ਰਚੀ ਛੈਲੀ ਨਾਮ-ਵਿਭੂ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ।
ਛੈਲੇ ਨੇ ਕੀਤੀ ਛੈਲੀ, ਹਭ ਮੇਰੀ ਘਾਲਨ।

---

੧੩. (ਜ)

ਜੋਜਾ ਜੋਤੀ ਜੋਤ ਤੂੰ, ਜਗ ਜੀਵਨ ਜੋਤਿ-ਸਰੂਪ।
ਇਸ ਜੋਤ ਬਿਨਾ ਕਿਹਾ ਜੀਵਨਾ, ਕੌਵਨ ਟੇਕ ਕੌਵਨ ਭੂਪ ?

Sri Satguru Jagjit Singh Ji eLibrary NamdhariElibrary@gmail.com

ਜਗਜੀਵਨ ਜੀ ਮੈਂ ਤੋਹਿ ਬਲਿ ਬਲਿ ਸਦ ਜਾਈ ।
ਜਗਜੀਵਨ ਜੀ ਤੇਰੇ ਨਾਮ ਕੀ ਜੋਤ ਜੋ ਜਗਾਈ ।
ਜਗਜੀਵਨ ਤੇਰੀ ਜੋਤ ਜਗਤ ਕੋ ਸੂਰਾ ।
ਜਗਜੀਵਨ ਖੰਡ ਮੰਡਲ ਬ੍ਰਹਮੰਡ ਕੋ ਨੂਰਾ ।
ਜਗਜੀਵਨ ਕੀ ਜਗ ਇਹ ਕਿਰਨਾ ।
ਜਗਜੀਵਨ ਕੀ ਦ੍ਰਿਸਟੀ ਨਿਤ ਅਮਿਓ ਝਰਨਾ ।
ਜਗਜੀਵਨ ਜਗ ਮਗ ਜੋਤਿ ਜਗਾਈ ।
ਜਗਜੀਵਨ ਓਤ ਪੋਤ ਰਹਿਆ ਸਮਾਈ ।
ਜਗਜੀਵਨ ਬਿਨਾਂ ਕੌਨ ਜੀਵਾਵੇ ਹਭ ਜੱਗ ।
ਜਗਜੀਵਨ ਬਿਨਾਂ ਜਗ ਬਾਲੂ ਕੀ ਰਜ ।
ਜਗਜੀਵਨ ਕੇ ਸਭ ਚਲਾਏ ਚਕਰ ।
ਜਗਜੀਵਨ ਪਵਨ ਪਾਨੀ ਅਗਨੀ ਕੋ ਘੂਮਰ ।
ਜਗਜੀਵਨ ਜੀਵਨ ਕੀ ਜੁਗਤ ।
ਜਗਜੀਵਨ ਸਦ ਨਾਮ-ਸੰਜੁਗਤ ।
ਜਗਜੀਵਨ ਕੀ ਕਾਲ ਇਕ ਨਦੀਆ ।
ਜਗਜੀਵਨ ਕੀ ਨਈਆ "ਨਾਮ"—ਲਦੀਆ ।

Sri Satguru Jagjit Singh Ji eLibrary NamdhariElibrary@gmail.com

ਜਗਜੀਵਨ ਜਾਗੇ ਜਗਾਏ, ਹਭ ਸ੍ਰਿਸ਼ਟ ਚਲਾਏ।
ਜਗਜੀਵਨ ਵਿਗਸੈ-ਬਿਗਸੈ, ਨਿਤ ਚਮਕਾਏ ।
ਜਗਜੀਵਨ ਜੀਵ ਕਲਾ ਕਾ ਨਾਉਂ ।
ਜਗਜੀਵਨ ਬਿਨ ਮਿਰਤਕ ਕਾ ਘਾਉ ।
ਜਗਜੀਵਨ ਮੋਹਿ ਟੂੰਕ ਜਗਾਏ ।
ਜਗਜੀਵਨ ਮੋਹਿ ਜੀਆ-ਦਾਨ ਦਵਾਏ ।
ਜਗਜੀਵਨ ਕੀ ਸਭ ਕੋ ਨਿਤ ਆਸਾ ।
ਜਗਜੀਵਨ ਬਿਨ ਕਾਲ ਨਿਤ ਗ੍ਰਾਸਾ ।
ਜਗਜੀਵਨ ਇਸ ਬ੍ਰਹਮੰਡ ਕੋ ਧੂ ।
ਜਗਜੀਵਨ ਬਿਨ ਕਾਲ ਕੀ ਧੂ।
ਜਗਜੀਵਨ ਹਸੈ ਜਗਜੀਵਨ ਹਸਾਏ ।
ਜਗਜੀਵਨ ਬਿਨ ਜੀਵਨ ਬਿਰਥਾਏ ।
ਜਗਜੀਵਨ ਰੋਮ ਰੋਮ ਕੋ ਸਦ ਵਾਸੀ ।
ਜਗਜੀਵਨ ਅਣੂ ਪ੍ਰਮਾਣੂ ਨਿਤ-ਨਿਵਾਸੀ।
ਜਗਜੀਵਨ ਕੀ ਜੁਗਤ ਕਾ ਕਿਆ ਨਾਉਂ ?
ਜਗਜੀਵਨ ਕੀ ਜੋਤ 'ਨਾਮ' ਜੁਗ-ਚੌਰਾਉਂ ?

Sri Satguru Jagjit Singh Ji eLibrary NamdhariElibrary@gmail.com

ਜਗਜੀਵਨ ਕਾਲ ਕੋ ਪ੍ਰਹਰੈ ।
ਜਗਜੀਵਨ ਸਦ-ਬਸੰਤ ਪਰੁਫੜੈ ।
ਜਿਤ ਵਲ. ਵੇਖਾਂ ਮੇਰੋ ਲਾਲਨ ਹੀ ਲਾਲਨ ।
ਜਗਜੀਵਨ ਵਿਖਾਇਓ ਜੋਤ ਅਬਿ-ਚਾਲਨ ।

---

੧੪. (ਝ)

ਝੂਝਾ ਝੁਣਤਕਾਰ ਤੂੰ,ਰੁਣ ਝੁਣ ਤੂੰ,ਨਿਰਤਕਾਰ ਤੇਰੋ ਸਦ ਸਾਚ
ਇਸ ਝੁਨਤਕਾਰਸੁਖਸਾਰਨੇ ਰਚੇਅਨੰਤ ਖੰਡਮੰਡਲ,ਨਿਤ-ਨਾਚ
ਝੁਨਤਕ ਰ ਰੁਣ ਝੁਣ ਜਦ ਲਾਈ ।
ਝੁਨਤਕਾਰ ਨੇ ਤਦ ਰਚੀ ਲੁਕਾਈ ।
ਝੁਨਤਕਾਰ ਕਹੁ ਕਿਸਕਾ ਨਾਉਂ ?
ਝੁਨਤਕਾਰ ਥੱਰ ਥੱਰ, ਫੱਰ ਫੱਰ, 'ਨਾਮ'-ਵਾਓ ।
ਝੁਨਤਕਾਰ ਬਿਨ ਕਹੁ ਕੀਕਨ ਜੀਵਨ ?
ਝੁਨਤਕਾਰ ਜੀਵਨ ਥਿਰ ਥੀਵਨ ।
ਝੁਨਤਕਾਰ ਝੁਨ ਝੁਨੀ ਜਬ ਲਾਈ ।
ਝੁਨਤਕਾਰ ਸ੍ਰਿਸ਼ਟੀ ਤਬ ਸਬ ਉਪਾਈ ।

Sri Satguru Jagjit Singh Ji eLibrary NamdhariElibrary@gmail.com

ਝੁਨਤਕਾਰ ਸਲਿਲ ਮਹਿ ਸੂਲ ਉਠਾਏ ।
ਝੁਨਤਕਾਰ ਪਵਨ ਮਹਿ ਵਿਰੋਲੇ ਵਹਾਏ ।
ਝੁਨਤਕਾਰ ਮਹਿ ਅਨੂਪਮ ਰੁਣਿਝੁਣ ।
ਝੁਨਝਕਾਰ ਕੀ ਇਹ ਸੰਸਾਰ ਬੁਣਤਰ ।
ਝੁਨਤਕਾਰ ਕੇ ਕਹੁ ਕਿਤਨੇ ਨਾਉਂ ?
ਝੁਨਤਕਾਰ ਬੀਨ, ਆਦਿ ਸਹੰਸਰ-ਚਾਉ ।
ਝੁਨਤਕਾਰ ਰਣਜੀਤ ਨਗਾਰੇ ਬਾਜੈ ।
ਝੁਨਤਕਾਰ ਕੈ ਨਰ-ਸਿੰਘੇ ਨਿਤ ਗਾਜੈ ।
ਝੁਨਤਕਾਰ ਨੇ ਜਬ ਮਿਰਦੰਗ ਵਜਾਈ ।
ਝੁਨਤਕਾਰ ਨੇ ਲੂੰ ਲੂੰ ਮੇਰੇ ਰੰਗਾ ਵਗਾਈ ।
ਝੁਨਤਕਾਰ ਕੀ, ਘਨਘੋਰ ਘਟਾ,ਘੱਟ ਘੱਟ ।
ਝੁਨਤਕਾਰ 'ਨਾਮ'-ਤੀਰਥ ਅੱਠ-ਸੱਠ ।
ਝੁਨਤਕਾਰ ਝੀਣੀ ਮਨ-ਭੀਣੀ ਬਾਣੀ ;
ਝੁਨਤਕਾਰ ਨੇ ਤਾਣੀ ਤਾਣੀ ਨਿਤ-ਸਤਾਣੀ ।
ਝੁਨਤਕਾਰ ਝੁਮਿ ਝੁਮਿ, ਛਤਰਨ ਕੀ ਛਾਇਆ ।
ਝੁਨਤਕਾਰ ਸਦ-ਪੀਂਘ, ਸਦ-ਰੀਝ ਰੀਝਾਇਆ ।

Sri Satguru Jagjit Singh Ji eLibrary NamdhariElibrary@gmail.com

ਝੁਨਤਕਾਰ ਮੇਰੇ ਹਿਰਦੇ ਕੀ ਗੁਝੀ ਰਬਾਣਾ।
ਝੁਨਤਕਾਰ ਕੇ ਵਜੇਂ ਧੁਨਿ ਲਲਤਿ ਤਰਾਬਾ।
ਝੁਨਤਕਾਰ ਸਦ-ਸੰਖਨ ਕੀ ਗੂੰਜਾ।
ਝੁਨਤਕਾਰ ਬਿਨ ਜਗਤ ਕਾਲ-ਕੀ-ਕੂੰਜਾ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ।
ਝੁਨਤਕਾਰ ਝੁਨਿ-ਅਨਹਤ ਕੀਨੋ ਸਦ-ਸੁਹਾਗਨ।

੧੫. (ਢ)

ਝੂਢਾ ਢਾਣਣਹਾਰ ਤੂੰ, ਤੂੰ ਕਰਣ-ਕਾਰਣ ਸਮੱਰਥ।
ਤੁਧ ਢਾਣੇ ਢਾਣੀ ਢਾਣ ਬਿਨ, ਇਹ ਜੀਵਨ ਪੱਥ ਅਣਲੱਥ।
ਝਾਣੀਢਾਣ ਕਹੁ ਕਿਸ ਕਹੀਏ?
ਝਾਣੀਢਾਨ, ਜਾਣ ਪਛਾਣੂ, ਜਗ ਸਭੀਏ।
ਝਾਣੀਢਾਣ ਦਿਲਾਂ ਦਾ ਮੈਹਰਮ।
ਝਾਣੀਢਾਣ ਅਤੀ ਗਹਿਰ-ਗੰਭੀਰਮ।
ਝਾਣੀਢਾਣ ਘਟ ਘਟਾਂ ਕਾ ਸਾਖੀ।
ਝਾਣੀਢਾਣ ਢਾਹ ਢਾਹ ਸੋਨੇ-ਕੀ-ਆਖੀ।

Sri Satguru Jagjit Singh Ji eLibrary NamdhariElibrary@gmail.com

ਦ੍ਰਾਣੀਵਾਣ ਜਾਣੇ ਬਿਨ ਬੋਲੇ ।
ਦ੍ਰਾਣੀਵਾਣ ਬੰਦ ਬੂਹੇ ਖੋਲੇ ।
ਦ੍ਰਾਣੀਵਾਣ ਕੀ ਚਹੁੰਜੁਗ ਤਾਕ ।
ਦ੍ਰਾਣੀਵਾਣ ਕੀ ਤੀਬਰ ਝਾਕ ।
ਦ੍ਰਾਣੀਵਾਣ ਕੀ ਕੋਹਿ ਨੂਰੀ ਦਰਸ ।
ਦ੍ਰਾਣੀਵਾਣ ਕੀ ਛਬੀ ਪਾਰਸ-ਪਰਸ ।
ਦ੍ਰਾਣੀਵਾਣ ਕੀ ਇੱਲ-ਅੱਖ ਚੌ-ਮੁਖੀ ।
ਦ੍ਰਾਣੀਵਾਣ ਕੀ ਨੀਝ ਨੌ-ਲੱਖੀ ।
ਦ੍ਰਾਣੀਵਾਣ ਕਹੁ ਕੀਕੂੰ ਵੇਖੇ ?
ਦ੍ਰਾਣੀਵਾਣ 'ਨਾਮ'-ਆਰਸੀ ਨਿਤ ਪੇਖੇ ।
ਦ੍ਰਾਣੀਵਾਣ ਕਾ ਇਹ 'ਜਾਮਿ-ਜਹਾਂ-ਨਮਾ' ।
ਦ੍ਰਾਣੀਵਾਣ ਕਾ ਇਹ ਸੁਦ-ਕ੍ਰਿਸ਼ਮਾ ।
ਦ੍ਰਾਣੀਵਾਣ ਇਸ-ਸ਼ੀਸ਼ੇ ਮੈਂ ਆਪੇ ਵਸਿਆ ।
ਦ੍ਰਾਣੀਵਾਣ ਰੋਮ ਰੋਮ ਮਹਿ ਧਸਿਆ ।
ਦ੍ਰਾਣੀਵਾਣ ਹਭ ਨੀਤੀ-ਨਿਪੰਨ ।
ਦ੍ਰਾਣੀਵਾਣ ਸਰਬ-ਗੁਨ-ਸੰਪੰਨ ।

Sri Satguru Jagjit Singh Ji eLibrary NamdhariElibrary@gmail.com

ਦਾਨੀਵਾਣ ਗਿਆਤਾ ਬਿਗਿਆਤਾ ।
ਦਾਨੀਵਣ ਬਿਨ ਨੈਨਾਂ ਜੱਗ ਜਾਤਾ ।
ਦਾਨੀਵਾਣ ਜੋਗ ਭੋਗ ,ਸਮ-ਦ੍ਰਿਸ਼ਟਾ ।
ਦਾਨੀਵਾਣ ਸਦੈ ਅਮਿਓ-ਨਿਸ਼ਟਾ ।
ਦਾਨੀਵਾਣ ਵੇਖੇ ਹਭ ਲੋਈ ।,
ਦਾਨੀਵਾਣ ਆਪ ਅੱਖ-ਉਹਲੇ ਹੋਈ ।
ਦਾਨੀਵਾਣ ਕੀ ਵਿਡਾਨੀ ਲੀਲਾ ।
ਦਾਨੀਵਾਣ ਕੀ ਇਹ ਨਿਤ-ਕੇਲਾ ।
ਦਾਨੀਵਾਣੀ ਚਹੁਜੁਗ ਜਾਗੇ ।
ਦਾਨੀਵਾਣ ਵੇਖ ਕਾਲ ਉਠ ਭਾਗੇ ।
ਦਾਨੀਵਾਣ ਅਣਬੋਲੀ ਬੋਲੀ ਗਾਵੇ ।
ਦਾਨੀਵਾਣ ਅਣ-ਮੰਗਿਆ ਦਾਨ ਦਿਵਾਵੇ ।
ਦਾਨੀਵਾਣ ਕੀ ਹਭ ਜੱਗ ਪੁਲਸ ਚੌਂਕੀ ।
ਦਾਨੀਵਾਣ ਕੀ ਛਾਵਣਿ ਚਉਂਕੁੰਟੀ ਵੇਖੀ ।
ਜਿਤ ਵਲ ਵੇਖਾਂ ਮੇਰੇ ਲਾਲਨ ਹੀ ਲਾਲਨ ।
ਦਾਨੀਵਾਣ ਕਾ ਇਹ ਵਡ-ਵਡਾ ਉਪਕਾਰਨ ।

Sri Satguru Jagjit Singh Ji eLibrary NamdhariElibrary@gmail.com

੧੬. (ਟ)

ਟਾਇਆ ਟੂਟੀ-ਗਾਂਢਨ-ਹਾਰ ਤੂੰ, ਤੂੰ ਮਾਈ, ਤੂੰ ਬਾਪ।
ਤੁਝੇ 'ਨਾਮ' ਕੀ ਗੂੰਦਨੇ ਲੱਕ-ਰੰਢਿਆ, ਵਾਹ ਚਹੁਜੁਗਤੇਰੀ ਛਾਪ।

ਟੂਟੀਗਾਂਢਨਹਾਰ ਤੂੰ ਮੇਰੋ ਗੁਪਾਲ ।
ਟੂਟੀਗਾਂਢਨਹਾਰ ਤੂੰ ਮੇਰੀ ਦ੍ਰਿੜ-ਢਾਲ ।
ਟੂਟੀਗਾਂਢਨਹਾਰ ਘਟ ਮੇਰੇ ਜਬ ਆਇਆ ।
ਟੂਟੀਗਾਂਢਨਹਾਰ ਨੇ ਰੀੜ੍ਹ ਹੱਡਿ ਜੋੜਾਇਆ ।
ਟੂਟੀਗਾਂਢਨਹਾਰ ਜਗਤ ਪ੍ਰਿਤਪਾਲਕ ।
ਟੂਟੀਗਾਂਢਨਹਾਰ ਘਟ ਘਟ ਕਾ ਮਾਲਕ ।
ਟੂਟੀਗਾਂਢਨਹਾਰ ਬਿਨ ਗਤ ਕਿਨ ਪਾਈ ?
ਟੂਟੀਗਾਂਢਨਹਾਰ ਰੁਠੀ ਜਿੰਦ ਮੇਲ ਮਿਲਾਈ ।
ਟੂਟੀਗਾਂਢਨਹਾਰ ਹਭ ਗਲ ਛਾਤੀ ਲਾਏ ।
ਟੂਟੀਗਾਂਢਨਹਾਰ ਨੂਰ ਝੁਆਤੀ ਫਿਰ ਜਗਾਏ ।
ਟੂਟੀਗਾਂਢਨਹਾਰ ਜਬ ਭਏ ਕਿਰਪਾਲ ।
ਟੂਟੀਗਾਂਢਨਹਾਰ ਭੁਜਾ ਗਹਿ, ਕੀਨੇ ਨਿਹਾਲ ।
ਟੂਟੀਗਾਂਢਣਹਾਰ ਨੇ ਅੰਗ ਅੰਗ ਲਾਈ ਬਿਗੜੀ ।
ਟੂਟੀਗਾਂਢਨਹਾਰ ਨੇ ਬਨਾਈ ਬਾਤ-ਬਿਗੜੀ ।

Sri Satguru Jagjit Singh Ji eLibrary NamdhariElibrary@gmail.com

ਟੂਟੀਗਾਂਢਨਹਾਰ ਮਲ੍ਹਮਾਂ ਫਿਰ ਲਾਈਆਂ ।
ਟੂਟੀਗਾਂਢਨਹਾਰ ਛਾਈਆਂ ਸਭ ਛਪਾਈਆਂ ।
ਟੂਟੀਗਾਂਢਨਹਾਰ ਟੂਟੀ ਜੀਵਨ-ਆਰਸੀ ਗਾਂਢੇ ।
ਟੂਟੀਗਾਂਢਨਹਾਰ ਲਾਏ ਘਟ ਪਾਵਨ ਝੰਡੇ ।
ਟੂਟੀਗਾਂਢਨਹਾਰ ਨੇ ਕੇਹੀ ਜੀਵਨ-ਲੇਵੀ ਲਾਈ ।
ਟੂਟੀਗਾਂਢਨਹਾਰ ਨੇ ਸਰਸ੍ਵਤੀ ਦੇਵੀ ਘਰ ਲਿਆਈ ।
ਟੂਟੀਗਾਂਢਨਹਾਰ ਨੇ ਗਾਂਢੀ ਕੇਹੀ ਪਾਟੀ-ਜੂਤੀ ।
ਟੂਟੀਗਾਂਢਨਹਾਰ ਨੇ ਲਾਈ ਕੇਹੀ ਲੂਕੀ-ਲੂਤੀ ।
ਟੂਟੀਗਾਂਢਨਹਾਰ ਚੌਰਾਸੀ ਨਿਤ ਕਾਟੇ ।
ਟੂਟੀਗਾਂਢਨਹਾਰ ਅਮਿਉ-ਰਸਾਇਨ ਸਦ ਬਾਂਟੇ ।
ਟੂਟੀਗਾਂਢਨਹਾਰ ਲੱਕ-ਟੁੱਟਾ ਬੰਨ੍ਹੇ ।
ਟੂਟੀਗਾਂਢਨਹਾਰ ਬਿਨ ਥੰਮਾਂ ਥੰਮੇ ।
ਟੂਟੀਗਾਂਢਨਹਾਰ ਜਬ ਗ੍ਰਿਹ ਮੇਰੇ ਆਏ ।
ਟੂਟੀਗਾਂਢਨਹਾਰ 'ਨਾਮ'-ਥੰਮ ਲਗਾਏ ।
ਟੂਟੀਗਾਂਢਨਹਾਰ ਕੀ ਇਹ ਜੋਗਿ-ਜੁਗਤਿ ।
ਟੂਟੀਗਾਂਢਨਹਾਰ ਕੀ ਇਹ ਮੁਕਤਿ ਭੁਗਤਿ ।

Sri Satguru Jagjit Singh Ji eLibrary NamdhariElibrary@gmail.com

ਟੂਟੀਗਾਂਢਨਹਾਰ ਬਿਰਧ ਤੇਰੋ, ਤਾਰੇ ਸਤਿਗੁਰ ।
ਟੂਟੀਗਾਂਢਨਹਾਰ ਵਾਹ ਵਾਹ ਤੂੰ ਮੇਰੋ ਵਾਹਿਗੁਰ ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ ।
ਟੂਟੀਗਾਂਢਨਹਾਰ ਨੇ ਕੇਹੀ ਪੀਢੀ 'ਨਾਮ'-ਰੰਢ ਡਾਲਨ ?

---

੧੦. (ਠ)

ਠਠਾ ਠਾਕਰ ਤੂੰ, ਠਕਰਾਈ ਤੇਰੀ,ਤੇਰੀ ਸਭ ਉਪਮਾ ।
ਤੁਧ ਬਿਨਾ ਕਿਨ ਪਾਇਓ, ਤੇਜ ਅਮਿਤੋਜ ਪੁਰਖੋਤਮਾ ?
ਠਾਕਰ ਤੁਮ ਸਰਨਾਈ ਜਬ ਆਇਓ ।
ਜੋ ਚਾਹਤ ਸੋਈ ਫਲ ਪਾਇਓ ।
ਠਾਕਰ ਮੇਰੇ ਸਰਬ ਕੋ ਨਾਇਕ ।
ਠਾਕਰ ਮੇਰੋ ਸਵਰਨ ਕੋ ਦਾਤੁਕ ।
ਠਾਕਰ ਮੇਰੋ ਘਟ ਘਟ ਮਾਲਿਕ ।
ਠਾਕਰ ਮੇਰੇ ਰੰਕ ਪ੍ਰਿਤਪਾਲਕ ।
ਠਾਕਰ ਮੋਰੋ, ਤੋਰੋ ਮੋਹਿ ਨਿਤ ਭਰੋਸੋ ।
ਠਾਕਰ ਮੋਰੇ, ਚਹੁ ਜੁਗ ਤੇਰੀ ਮਹਿ ਆਸੋ ।

Sri Satguru Jagjit Singh Ji eLibrary NamdhariElibrary@gmail.com

ਠਾਕਰ ਮੇਰੋ ਪ੍ਰਬਤ ਕਾ ਓਲ੍ਹਾ।
ਠਾਕਰ ਮੇਰੋ ਮਜੀਠੜੋ ਚੋਲਾ।
ਠਾਕਰ ਮੇਰੋ ਕੋ ਚਹੁੰਕੁੰਟੀ ਆਸਨ।
ਠਾਕਰ ਮੋਰੋ ਕੋ ਅਮਿਤੇਜ-ਪ੍ਰਭਾਵਨ ।
ਠਾਕਰ ਮੇਰੋ ਸੋਲਾ ਕਲਾਂ ਸੰਪੂਰਨ।
ਠਾਕਰ ਮੇਰੋ ਬੇਅੰਤ-ਕਲਾ ਭਰ-ਪੂਰਨ।
ਠਾਕਰ ਮੇਰੋ ਕੋ ਵਡ ਪ੍ਰਤਾਪ।
ਠਾਕਰ ਮੇਰੋ ਕੀ ਸਭ ਊਪਰ ਛਾਪ।
ਠਾਕਰ ਮੇਰੋ ਮੜੋਲੀ ਮੇਰੀ ਨਿਤ ਉਠਈਆ।
ਠਾਕਰ ਮੇਰੋ ਮੇਰੀ ਡੋਲੀ ਆਪੇ ਹੀ ਚਹੀਆ।
ਠਾਕਰ ਬਿਨ ਕਹੁ ਕੌਨ ਸੁਹਾਗਨ ?
ਠਾਕਰ ਬਿਨ ਕੌਨ ਵਡ-ਭਾਗਨ ?
ਠਾਕਰ ਬਿਨ ਜੈਸੇ ਛਪਰੀ ਬਿਨ-ਥੰਮਾਂ।
ਠਾਕਰ ਬਿਨ ਜਿਉਂ ਸਾਵਨ ਬਿਨ ਜਲ-ਛੰਭਾਂ।
ਠਾਕਰ ਬਿਨ ਜੀਵਨ ਸਭ ਥੋਥਾ।
ਠਾਕਰ ਬਿਨ ਜਿਉਂ ਮਿਰਤਕ ਲੋਥਾ।

Sri Satguru Jagjit Singh Ji eLibrary NamdhariElibrary@gmail.com

ਠਾਕਰ ਬਿਨ ਤ੍ਰਾਣ ਮਾਨ ਕਿਨ ਪਾਇਆ।
ਠਾਕਰ ਬਿਨ ਪ੍ਰਾਣ ਕਿਵੇਂ ਚਲਾਇਆ ?
ਠਾਕੁਰ ਮੇਰੋ ਗਿਰਧਰ,ਮੇਰੋ ਪ੍ਰਾਣ ਨਾਥ।
ਠਾਕਰ ਜਗਜੀਵਨ, ਠਾਕਰ ਜਗਨਨਾਥ ।
ਠਾਕਰ ਮੇਰੋ ਕੀ ਕਹੁ ਕੌਨ ਮਾਇਆ ?
ਠਾਕਰ ਕੀ ''ਨਾਮ'' ਛਤਰ-ਛਾਇਆ ?
ਠਾਕਰ ਨਾਮ 'ਵਡ-ਨਾਮ' ਅਗੰਮ।
ਠਾਕਰ 'ਨਾਮ' ਖੋਲੇ ਸਭ ਭਰਮ ।
ਠਾਕਰ 'ਨਾਮ' ਕੀ ਚੰਨ-ਚਾਂਦਨੀ ਜਬ ਲਾਈ।
ਠਾਕਰ ਕੀ ਠਕਰਾਈ ਘਰ ਮੇਰੇ ਆਈ ।
ਜਿਤ ਵਲ,ਵੇਖਾਂ ਮੇਰੋ ਲਾਲਨ ਹੀ ਲਾਲਨ ।
ਠਾਕਰ ਕੀ ਠਕਰਾਈ ਕੀਨੋ ਭਾਗ-ਸੁਲਖਨਿ ।

---

੧੮. (ਡ)

ਡੂਡਾ ਡਰ-ਰਹਿਤ ਇਕ ਆਪ ਤੂੰ,ਡਰ ਡਰ ਮਰੇ ਲੁਕਾਈ।
ਡੂਰਿਆਂ-ਨਿਘਰਿਆਂ ਨੂੰ ਨਿਤ 'ਨਾਮ' ਕੀ ਓਟ ਸਗਲਾਈ।

Sri Satguru Jagjit Singh Ji eLibrary NamdhariElibrary@gmail.com

ਡਰ ਰਹਿਤ ਨਿਰਭਉ ਨਿਰਵੈਰਾ।
ਡਰ ਰਹਿਤ ਖਿੜਾਇਓ ਮੋਰੋ ਗੁਲ-ਬੈਰਾ ।
ਡਰ ਰਹਿਤ ਕੌਨ ? ਡਰ ਰਹਿਤ ਕਿਵ ਭਾਈ ?
ਡਰ ਰਹਿਤ ਤਾਂ ਜਬ ਏਕੰਕਾਰ ਦ੍ਰਿਸ਼ਟਾਈ ।
ਡਰ ਰਹਿਤ ਜਬ 'ਦੇਖੂੰ ਹਾਜ਼ਰ।
ਡਰ ਰਹਿਤ ਜਬ ਮਨ ਇਕਾਗਰ।
ਡਰ ਰਹਿਤ ਜਬ 'ਕਰਮ ਖੰਡ' ਕੋ ਜਾਈਏ।
ਡਰ ਰਹਿਤ ਜਬ ਅਖੰਡ ਜ਼ੋਰ ਕੋ ਪਾਈਏ।
ਡਰ ਰਹਿਤ ਜਬ ਆਪਨ ਆਸਨ।
ਡਰ ਰਹਿਤ ਜਬ ਚਹੁਕੁੰਟ ਸਿੰਘਾਸਨ ।
ਡਰ ਰਹਿਤ ਜਬ ਖੂੰ ਓਤ-ਪ੍ਰੋਤਮ ।
ਡਰ ਰਹਿਤ ਜਬ ਦਹਿਦਿਸ ਜੋਤ ਸਰੂਪਮ।
ਡਰ ਰਹਿਤ ਕਹੁ ਕਿਵ ਭਾਈ ?
ਡਰ ਰਹਿਤ ਜੋ 'ਨਾਮ' ਜੋਤ ਜਗਾਈ ।
ਡਰ ਰਹਿਤ ਤਾਂ ਜੋ ਚਤਰੁ ਭੁਜ ਕਹਾਵੇ।
ਡਰ ਰਹਿਤ ਜੋ ਸੁਦਰਸ਼ਨ ਚਕਰ ਚਲਾਵੇ।

Sri Satguru Jagjit Singh Ji eLibrary NamdhariElibrary@gmail.com

ਗੁਰ ਰਹਿਤ ਅਠ-ਭੁਜੀ ਸ਼ਕਤੀ ਪਾਵੇਂ ।
ਗੁਰ ਰਹਿਤ ਜੇ ਅਠਸਠ ਸਤਾ 'ਨਾਮ' ਧਿਆਵੇਂ ।
ਗੁਰ ਰਹਿਤ ਤੂੰ ਵਰਿਜਾਮ ਵਡ ਬੀਰਾ ।
ਗੁਰ ਰਹਿਤ ਤੂੰ ਹਭ ਜਗ ਕੋ ਧੀਰਾ ।
ਗੁਰ ਰਹਿਤ ਤਾਂ ਜੇ ਤੂੰ ਹੋਏਂ ਕਿਰਪਾਲਾ ।
ਗੁਰ ਰਹਿਤ ਤਾਂ ਜੇ ਕਟੇ ਚੋਰਾਸੀ ਜੰਜਾਲਾ
ਗੁਰ ਰਹਿਤ ਕੀ ਜੁਗਤੀ ਮੋਹਿ ਸਿਖਲਾਵੋ ।
ਗੁਰ ਰਹਿਤ ਸਿਮਰਨ ਬਿਨ ਕਿੰਝ ਪਾਵੋ ।
ਗੁਰ ਰਹਿਤ ਜੇ ਸੱਤ-ਪੌੜੀ ਚੜ੍ਹੇ ।
ਗੁਰ ਰਹਿਤ ਜੇ ਸਚ ਖੰਡ ਨਿਤ ਖੜੇ ।
ਗੁਰ ਰਹਿਤ ਸਚ ਖੰਡ ਕਾ ਨਾਉਂ ।
ਗੁਰ ਰਹਿਤ ਨਾਮ ਕੀ ਸੀਤਲ ਛਾਉਂ ।
ਗੁਰ ਰਹਿਤ ਜੇ ਨਾਮ ਕੀ ਕਲਗੀ ਲਾਈ ।
ਗੁਰ ਰਹਿਤ ਜੇ ਨਿਹ-ਕਲੰਕਾ-ਲੋ ਪਾਈ ।
ਜਿਤ ਵਲ ਵੇਖਾਂ ਮੇਰੋ ਲਾਲਨ ਹੀ ਲਾਲਨ ।
ਗੁਰ ਰਹਿਤ ਤਾਂ, ਜਾਂ 'ਨਾਮ'-ਰੁੜ੍ਹਤੀ ਹਿਰਦੇ ਭਾਲਨ ।

Sri Satguru Jagjit Singh Ji eLibrary NamdhariElibrary@gmail.com

੧੯. (ਢ)

ਢਢਾ ਤੂੰ ਢੋਲਣ ਤੂੰ ਯਾਰ ਮੈਂ, ਤੂੰ ਮਖੀਰ ਅਤਿ ਮੀਠ।
ਤੂੰ ਡਿਠਾ ਤਾਂ ਮਨ ਮਾਨਿਆਂ, ਅਮਿਓ ਵੁਠ ਤ੍ਰੁਠਾ।
ਢੋਲਨ ਮੇਰਾ ਚਾਈਆ, ਤੂੰ ਹਭ ਕੇਈਂ ਦਾ ਮਿਤ :
ਢੋਲਨ ਮੇਰਾ ਮਾਹੀਆ, ਚੁਰਾਵੇ ਹਭ ਕੇਈਂ ਦਾ ਚਿਤ।
ਢੋਲਨ ਮੇਰਾ ਮਿਠੜਾ, ਮਾਖਿਓਂ ਕਿਹੀ ਮਿਠ ?
ਢੋਲਨ ਜਦ ਮੈਂ ਪਾਇਆ, ਤਾਂ ਕਿੱਕਰ ਭਇਆ ਇੱਖ !
ਢੋਲਨ ਢੋਲਾ ਗਾਊਂ ਹਉਂ ਨਿਤ-ਪ੍ਰਤਿ ਉਠਮੀਤ।
ਢੋਲਨ ਤੋਂ ਚੌਖੱਨੀਏ, ਸੋਖੱਨੀਏ, ਵਾਹ ਤੂੰ ਮੇਰਾ ਮੀਤ।
ਢੋਲਨ ਤੂੰ ਨ ਕਦੇ ਢਾਏਂ ਚਿਤ, ਹਉਂ ਬਲਿਹਾਰੀ ਤੋਹਿ।
ਢੋਲਨ ਤੂੰ ਲਾਹੇਂ ਨਾਂ ਪਾੜਦੋ,ਮੈਂ ਘੁਮਵਾਰੀ ਤੋਹਿ।
ਢੋਲਨ ਤੂੰ ਪਿਆਰਾ ਮੂੰ, ਚੁੱਮਾ ਹਉਂ ਪੈਰ ਤੂੰ।
ਢੋਲਨ ਬਿਨ ਖਰੀ ਨਿਮਾਣੀ, ਖੀਵੀ ਕਿਵ ਹੋਊਂ ?
ਢੋਲਨ ਮੇਰਾ ਸਦ ਅਮਿਓ ਦ੍ਰਿਸ਼ਟਾ।
ਢੋਲਨ ਮਰਾ ਨਿਤ ਅੰਮ੍ਰਿਤ-ਨਿਸ਼ਟਾ ।
ਢੋਲਨ ਯਾਰ ਮੋਰ-ਦੀਦਾਰ, ਅਨੰਦ-ਭਰਮਾਰ ।
ਢੋਲਨ ਯਾਰ ਭੌਰ ਗੁੰਜਾਰ, ਸਦ-ਜੈਕਾਰ।

Sri Satguru Jagjit Singh Ji eLibrary NamdhariElibrary@gmail.com

ਢੋਲਨ ਨੇ ਕਿਹੀ ਢੋਲਕੀ ਵਜਾਈ।
ਢੋਲਨ ਕੀ ਲੈ ਮੋਹਿ ਨਿਤ ਨਾਚਾਈ।
ਢੋਲਨ ਸੁਣ ਸਖੀ ਫਿਰ ਕਿਆ ਗੌਲਣ।
ਢੋਲਨ ਸੁਣ ਮਨ ਲਗਾ ਪੈਂਲਾਂ ਪਾਵਣ ਤੇ ਝੂਲੇ ਝੂਲਣ।
ਢੋਲਨ ਮੇਰਾ, ਢੋਲਣ ਤੇਰਾ, ਢੋਲਣ ਹਭਿ ਸੰਝੇਰਾ।
ਢੋਲਨ ਕੀ ਜਬ ਬਜੀ ਨਿਫੀਰੀ, ਕਿਆ ਮੇਰਾ ਕਿਆ ਤੇਰਾ।
ਢੋਲਨ ਓਤ, ਢੋਲਨ ਪਰੋਤ, ਢੋਲਨ ਜੋਗਿ ਕੀ ਜੋਤਾ,
ਢੋਲਨ ਕੀ ਜਬ ਬੀਨ ਬਜਈਆ, ਤਬ ਲੂੰ ਲੂੰ ਵਿਗ ਸੋਤਾ।
ਢੋਲਨ ਮਾਈ, ਢੋਲਨ ਬਾਪਾ, ਢੋਲਨ ਮੋਰੇ ਭਰਾਤਾ।
ਢੋਲਨ ਨੇ ਜਬ ਅੰਗ ਲਗਾਈ, ਤੱਤਖਿਨ ਮਿਲੀ ਹਭ ਜੁਗਤਾ।
ਢੋਲਨ ਕੀ ਰੁੰਜ ਜੋ ਗੁੰਜੀ, ਅਬ ਢੋਲਨ ਢੋਲਕੀ ਵਾਹੀ,
ਢੋਲਨ ਕੀ ਧੁਨਿ ਘੰਟਨ ਕੀ ਅਨਦਿਨ ਵਜੀ ਵਧਾਈ।
ਢੋਲਨ ਮੇਰੋ ਨੇ ਮਾਰੀ 'ਨਾਮ'-ਪਿਚਕਾਰੀ,
ਢੋਲਨ ਮੇਰੇ ਨੇ ਮੇਰੀ ਹਉਂ-ਅੰਗੀਆ ਫਾੜੀ।
ਢੋਲਨ, ਢੋਲਨ, ਢੋਲਨ ਹੁਣ ਕੂਕ ਕੂਕਾਵਾਂ ਮੈਂ,
ਢੋਲਨ ਕੀ ਆਰਤੀ, ਨਿਤ ਨਿਤ ਉਠ ਗਾਵਾਂ ਮੈਂ।

Sri Satguru Jagjit Singh Ji eLibrary NamdhariElibrary@gmail.com

ਜਿਤ ਵਲ ਵੇਖਾਂ ਮੇਰੇ ਲਾਲਣ ਹੀ ਲਾਲਣ,
ਢੋਲਨ ਨੇ ਕੀਤੀ ਅਜ ਮੋਹਿ ਨਿਤ-ਨਿਹਾਲਣ।

---

੨੦. (ਣ)

ਣਾਣਾ, ਤੂੰ ਰਾਣਾ ਰਣ-ਰੱਤਿਆ, ਸੱਤ ਅਸੱਤ ਨਿਤ ਭੇੜ
ਆਪੇ ਲੜੇਂ, ਆਪੇ ਝਿੜੇਂ, ਜਿਤੇਂ,-ਖਿੜੇਂ, ਇਹ ਤੇਰੀ ਇਕ ਛੇੜ
ਣਾਣਾ ਰਾਣਾ ਰਣ-ਰਤਿਆ, ਵਾਹ ਤੇਰੀ ਨਿਤ-ਜੰਗ।
ਣਾਣਾ ਰਾਣਾ ਮੇਰਾ ਮਧਾਣਾ, ਤੂੰ ਜਗਜੀਤ, ਜਬਰਜੰਗ।
ਣਾਣਾ ਰਾਣਾ ਕਰੇ ਨਿਤ ਚੋਜ ਵਡਾਣਾ।
ਣਾਣਾ ਰਾਣਾ ਨਿਹ ਬੈਠੇ ਊਚ ਮਚਾਣਾ।
ਣਾਣੇ ਰਾਣੇ ਨੇ ਇਹ ਕਹੀ ਗੋਧਮ ਮਚਾਈ।
ਣਾਣੇ ਰਾਣੇ ਨੇ ਚੂਹੇ ਪਿੱਛੇ ਬਿੱਲੀ ਲਾਈ।
ਣਾਣੇ ਰਾਣੇ ਨੇ ਪਰ ਤੀਰ ਵਿਚ ਪਾਈ ਖੀਰ।
ਣਾਣੇ ਰਾਣੇ ਨੇ ਅਗਨੀ ਵਿਚ ਪਾਇਆ ਨੀਰ।
ਣਾਣੇ ਰਾਣੇ ਨੇ ਦੋ ਦੱਲ ਬਣਾਏ।
ਣਾਣੇ ਰਾਣੇ ਨੇ ਦੋ ਟੱਲ ਖੜਕਾਏ।

Sri Satguru Jagjit Singh Ji eLibrary NamdhariElibrary@gmail.com

ਨਾਣੇ ਰਾਣੇ ਨੇ ਇਕ ਪਿੜ ਮਚਾਇਆ ।
ਨਾਣੇ ਰਾਣੇ ਨੇ ਰਚੀ ਮਾਇਆ ਛਾਇਆ ।
ਨਾਣੇ ਰਾਣੇ ਨੇ ਧੁਪ ਛਾਂਵ ਬਣਾਈ ।
ਨਾਣੇ ਰਾਣੇ ਨੇ ਦੋਵਾਂ ਵਿਚ ਰਚੀ ਲੜਾਈ ।
ਨਾਣੇ ਰਾਣੇ ਨੇ ਘੱਟ ਘੱਟ ਵਿਚ ਲਾਈ ਛਾਵਣਿ ।
ਨਾਣੇ ਰਾਣੇ ਨੇ ਅਗਨੀ ਵਿਚ ਲਾਈ ਸਾਵਣਿ ।
ਨਾਣਾ ਰਾਣਾ ਰਣ ਵੇਖੇ ਤੇ ਨਿਤ ਗੱਜੇ ।
ਨਾਣੇ ਰਾਣੇ ਕੇ ਹੱਥ ਸੰਸਾਰ ਕੀ ਲੱਜੇ ।
ਨਾਣਾ ਰਾਣਾ ਮੇਰਾ ਕਿਹਾ ਚੋਜੀ ।
ਨਾਣਾ ਰਾਣਾ ਆਪੇ ਖੋਜੀ ਆਪੇ ਮੌਜੀ ।
ਨਾਣਾ ਰਾਣਾ ਕੀਟੀ ਸੇ ਹਸਤੀ ਮਰਵਾਏ ।
ਨਾਣਾ ਰਾਣਾ ਬੱਕਰੀ ਸੇ ਸਿੰਘ ਚਿਰਵਾਏ ।
ਨਾਣਾ ਰਾਣਾ ਸੱਤ ਕਾ ਸਾਥੀ, ਅਸੱਤ ਅਸਾਥੀ ।
